# ਮਿੱਟੀ ਪੁੱਛੇ ਘੁਮਿਆਰ ਤੋਂ

ਹਰਚਰਨ ਸਿੰਘ

ਮਿੱਟੀ ਪੁੱਛੇ ਘੁਮਿਆਰ ਤੋਂ ਹਰਚਰਨ ਸਿੰਘ

# ਮਿੱਟੀ ਪੁੱਛੇ ਘੁਮਿਆਰ ਤੋਂ

## ਹਰਚਰਨ ਸਿੰਘ ਰਚਿਤ

**ਸੰਪੂਰਨ ਨਾਟਕ**


| | | |
|---|---|---|
| 1. | ਕਮਲਾ ਕੁਮਾਰੀ | 1937 |
| 2. | ਰਾਜਾ ਪੋਰਸ | 1938 |
| 3. | ਦੂਰ ਦੁਰਾਡੇ ਸ਼ਹਿਰੋਂ | 1939 |
| 4. | ਅਨਜੋੜ | 1941 |
| 5. | ਖੇਡਣ ਦੇ ਦਿਨ ਚਾਰ | 1943 |
| 6. | ਦੋਸ਼ | 1949 |
| 7. | ਰੱਤਾ ਸਾਲੂ | 1953 |
| 8. | ਤੇਰਾ ਘਰ ਸੋ ਮੇਰਾ ਘਰ | 1954 |
| 9. | ਪੁੰਨਿਆਂ ਦਾ ਚੰਨ | 1955 |
| 10. | ਸ਼ੋਭਾ ਸ਼ਕਤੀ | 1961 |
| 11. | ਚਮਕੌਰ ਦੀ ਗੜ੍ਹੀ | 1966 |
| 12. | ਮਿੱਟੀ ਧੁੰਦ ਜਗਿ ਚਾਨਣ ਹੋਆ | 1969 |
| 13. | ਕਲ੍ਹ, ਅੱਜ ਤੇ ਭਲਕ | 1971 |
| 14. | ਲਹਿੰਦੇ ਦਾ ਨੂਰ | 1973 |
| 15. | ਰਾਮ ਲੀਲ੍ਹਾ | 1974 |
| 16. | ਹਿੰਦ ਦੀ ਚਾਦਰ | 1975 |
| 17. | ਦੇਖ ਕਬੀਰਾ ਰੋਇਆ | 1977 |
| 18. | ਅੰਬਰ ਤਾਰਾ (ਹਕੀਕਤ ਰਾਏ) | 1979 |
| 19. | ਮਸੀਹਾ ਸੂਲੀ ਤੇ ਮੁਸਕ੍ਰਾਇਆ | 1980 |
| 20. | ਰਾਣੀ ਜਿੰਦਾਂ | 1981 |
| 21. | ਕਾਮਾਗਾਟਾਮਾਰੂ | 1983 |
| 22. | ਅੰਬਰ ਕਾਲਾ | 1986 |
| 23. | ਅੱਗ ਬੁਝਾਓ | 1989 |
| 24. | ਸ਼ੁਭ ਕਰਮਣ ਤੇ ਕਬਹੂ ਨ ਟਰੋ | 1992 |
| 25. | ਮਿੱਟੀ ਪੁੱਛੇ ਘੁਮਿਆਰ ਤੋਂ | 1995 |


# ਮਿੱਟੀ ਪੁੱਛੇ ਘੁਮਿਆਰ ਤੋਂ


ਹਰਚਰਨ ਸਿੰਘ



ਨਵਯੁਗ ਪਬਲਿਸ਼ਰਜ਼

ਨਵੀਂ ਦਿੱਲੀ

ਮਿੱਟੀ ਪੁੱਛੇ ਘੁਮਿਆਰ ਤੋਂ
MITTI PUCHHE GHUMIAR TON
ਹਰਚਰਨ ਸਿੰਘ

ਦਸੰਬਰ 1995

ਪ੍ਰਕਾਸ਼ਕ
ਨਵਯੁਗ ਪਬਲਿਸ਼ਰਜ਼
K-24, ਹੌਜ਼ ਖ਼ਾਸ, ਨਵੀਂ ਦਿੱਲੀ-110016

ਛਾਪਕ
ਭਾਰਤੀ ਪ੍ਰਿੰਟਰਜ਼
ਨਵੀਨ ਸ਼ਾਹਦਰਾ, ਦਿੱਲੀ

ਮੁੱਲ : 65/- ਰੁਪਏ

ISBN 81-86216-70-7

## ਸਮਰਪਿਤ

*ਸਾਥ ਛਡ ਗਈ ਸਾਥਣ ਸ਼੍ਰੀਮਤੀ ਧਰਮ ਕੌਰ ਨੂੰ*
*ਜਿਸ ਨੇ ਪੰਜਾਬਣਾਂ ਨੂੰ ਪੰਜਾਬੀ ਰੰਗਮੰਚ ਉੱਤੇ*
*ਪ੍ਰਵੇਸ਼ ਕਰਨ ਦਾ ਰਾਹ ਦਰਸਾਇਆ*

# ਤਤਕਰਾ

ਮਿੱਟੀ ਪੁੱਛੇ ਘੁਮਿਆਰ ਤੋਂ . . . . . . . 11
ਨੰਗਾ ਜ਼ਖਮ . . . . . . . . . . . . 35
ਜੁਗ ਜੁਗ ਅਟਲ . . . . . . . . . . 69

## ਜ਼ਰੂਰੀ ਸੂਚਨਾ

'ਮਿੱਟੀ ਪੁੱਛੇ ਘੁਮਿਆਰ ਤੋਂ' ਸੰਗ੍ਰਹਿ ਵਿਚੋਂ ਕਿਸੇ ਵੀ ਨਾਟਕ ਨੂੰ ਖੇਡਣ ਲਈ ਨਾਟਕਕਾਰ ਡਾ. ਹਰਚਰਨ ਸਿੰਘ ਤੋਂ ਹੇਠ ਲਿਖੇ ਪਤੇ ਤੋਂ ਲਿਖਤੀ ਆਗਿਆ ਲੈਣੀ ਜ਼ਰੂਰੀ ਹੈ। ਆਗਿਆ ਤੋਂ ਬਿਨਾ ਪੇਸ਼ਕਾਰੀ ਰੋਕੀ ਜਾ ਸਕਦੀ ਹੈ।

ਡਾ. ਹਰਚਰਨ ਸਿੰਘ
1048/ 15 ਬੀ
ਚੰਡੀਗੜ੍ਹ-160015 ਫੋਨ : 43040

ਪ੍ਰਕਾਸ਼ਕ

## ਦੋ ਸ਼ਬਦ

**''ਮਿੱਟੀ ਪੁੱਛੇ ਘੁਮਿਆਰ ਤੋਂ''** ਸੰਗ੍ਰਹਿ ਵਿਚ ਤਿੰਨ ਇਕਾਂਗੀ ਹਨ। ਇਹ ਤਿੰਨੇ ਨਾਟਕ ਮੇਰੀ ਪ੍ਰੋੜ ਨਾਟ-ਕਲਾ ਦੇ ਪ੍ਰਤੀਨਿਧ ਇਕਾਂਗੀ ਕਹੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਪਹਿਲੇ ਦੋ ਸਮਕਾਲੀ ਸਚ ਨੂੰ ਰੂਪਮਾਨ ਕਰਨ ਦੇ ਉਪਰਾਲੇ ਵਜੋਂ ਹੋਂਦ ਵਿਚ ਆਏ ਹਨ। ਤੀਜਾ ਇਕਾਂਗੀ ਜੁਗ ਜੁਗ ਅਟਲ ਰਹਿਣ ਵਾਲੀ ਰਾਮ ਕਥਾ ਨੂੰ ਵਾਰਤਕ ਰੂਪ ਅਤੇ ਆਧੁਨਿਕ ਮੁਹਾਵਰੇ ਵਿਚ ਪੇਸ਼ ਕਰਨ ਦਾ ਯਤਨ ਹੈ। ਇਨ੍ਹਾਂ ਨੂੰ ਰਚਨ ਦੀ ਪ੍ਰਕਿਰਿਆ ਸਮੇਂ ਮੈਂ ਪਾਠਕਾਂ ਅਤੇ ਦਰਸ਼ਕਾਂ ਦੋਹਾਂ ਧਿਰਾਂ ਦਾ ਸੁਚੇਤ ਤੌਰ ਤੇ ਧਿਆਨ ਰਖਿਆ ਹੈ। ਇਨ੍ਹਾਂ ਨੂੰ ਮੈਂ ਵਖੋ ਵਖ ਸਮੇਂ ਅਤੇ ਵਖੋ ਵਖ ਸਥਿਤੀ ਅਨੁਸਾਰ ਲਿਖਿਆ ਹੈ। 'ਨੰਗਾ ਜ਼ਖਮ' ਵਿਸ਼ਵ ਇਸਤਰੀ ਵਰ੍ਹੇ ਦੀ ਪ੍ਰੇਰਣਾ ਅਧੀਨ ਹੋਂਦ ਵਿਚ ਆਇਆ।

ਮੇਰਾ ਵਿਸ਼ਵਾਸ਼ ਹੈ ਜਿਹੜੀ ਵੀ ਨਾਟਕ ਮੰਡਲੀ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਰੰਗ ਮੰਚ ਦੀ ਸੂਝ ਬੂਝ ਅਤੇ ਲੋੜੀਂਦੀ ਮਿਹਨਤ ਨਾਲ ਪੇਸ਼ ਕਰੇਗੀ ਉਹ ਜ਼ਰੂਰ ਸਫਲਤਾ ਦੀ ਖੁਸ਼ੀ ਪ੍ਰਾਪਤ ਕਰੇਗੀ। ਯੁਵਕ ਮੇਲਿਆਂ ਦੀਆਂ ਨਾਟ-ਪ੍ਰਤੀਯੋਗਤਾਵਾਂ ਲਈ ਪਿਛਲਾ ਇਕਾਂਗੀ ''ਜੁਗ ਜੁਗ ਅਟਲ'' ਵਧੇਰੇ ਕਾਰਗਰ ਸਿਧ ਹੋ ਸਕਦਾ ਹੈ। ਇਹ ਵਰਤਮਾਨ ਰੰਗ-ਮੰਚੀ ਪ੍ਰਵਿਰਤੀ ਅਨੁਸਾਰ ਪੂਰੀ ਤਰ੍ਹਾਂ ਕਾਰਜ ਭਰਪੂਰ ਅਤੇ ਗਤੀਸ਼ੀਲ ਹੈ।

''ਮਿੱਟੀ ਪੁੱਛੇ ਘੁਮਿਆਰ ਤੋਂ'' ਇਸ ਸਾਲ ਦੀ ਤਾਜ਼ਾ ਰਚਨਾ ਹੈ। ਇਸ ਦੇ ਨਾਂ ਤੇ ਹੀ ਮੈਂ ਸੰਗ੍ਰਹਿ ਦਾ ਨਾਮ ਰਖਿਆ ਹੈ। ਇਸ ਨੂੰ ਸ੍ਰੀਮਤੀ ਧਰਮ ਕੌਰ ਦੀ ਸਿਮਰਤੀ ਵਿਚ ਕੀਤੇ ਜਾ ਰਹੇ ਕੁਲ ਭਾਰਤੀ ਨਾਟਕ ਪ੍ਰਤੀਯੋਗਤਾ ਦੇ ਪਹਿਲੇ ਦਿਨ ਅਰਥਾਤ 24 ਦਸੰਬਰ ਨੂੰ ਲਾਟਾ ਹਰਬਖ਼ਸ਼ ਸਿੰਘ ਦੀ ਨਿਰਦੇਸ਼ਨਾ ਅਧੀਨ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਪ੍ਰਦਰਸ਼ਿਤ ਕੀਤੇ ਜਾਣ ਦਾ ਪ੍ਰੋਗਰਾਮ ਹੈ।

ਮੈਂ ਨਿਰਦੇਸ਼ਕ ਅਤੇ ਉਹਨਾਂ ਅਦਾਕਾਰਾਂ ਦਾ ਅਗਾਊਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਇਕਾਂਗੀ ਨੂੰ ਰੂਪਮਾਨ ਕਰਨ ਦਾ ਉੱਦਮ ਕੀਤਾ ਹੈ। ਅੰਤ ਵਿਚ ਮੈਂ ਭਾਪਾ ਪ੍ਰੀਤਮ ਸਿੰਘ ਦਾ ਹਾਰਦਿਕ ਧੰਨਵਾਦ ਕਰਨਾ ਆਪਣਾ ਜ਼ਰੂਰੀ ਫ਼ਰਜ਼ ਸਮਝਦਾ ਹਾਂ ਜਿਨ੍ਹਾਂ ਨੇ ਇਨ੍ਹਾਂ ਇਕਾਂਗੀਆਂ ਨੂੰ ਸੁੰਦਰ ਤੇ ਸੁਚੱਜੇ ਰੂਪ ਵਿਚ ਪਾਠਕਾਂ ਦੇ ਸਨਮੁਖ ਕੀਤਾ ਹੈ।

**ਹਰਚਰਨ ਸਿੰਘ**

1048/15 ਬੀ
ਚੰਡੀਗੜ੍ਹ-160015
25.10.95

# ਮਿੱਟੀ ਪੁੱਛੇ ਘੁਮਿਆਰ ਤੋਂ

## ਪਾਤਰ

ਤੁੱਲਾ . . . . . ਘੁਮਾਰ
ਭੁੱਲੀ . . . . . ਤੁੱਲੇ ਦੀ ਘਰਵਾਲੀ
ਮੁੰਨੀ . . . . . ਲੜਕੀ
ਸਿੰਨੀ . . . . . ਲੜਕੀ
ਕਾਬਲ ਸਿੰਘ . . ਪਿੰਡ ਦਾ ਬੰਦਾ
ਕਰਮਾ . . . . . ਤੁੱਲੇ ਦਾ ਵੱਡਾ ਲੜਕਾ
ਨੱਥੂ . . . . . ਇਕ ਤਾਰੇ ਵਾਲਾ
ਸਰਕਾਰੀ ਅਫਸਰ
ਥਾਣੇਦਾਰ
ਸਰਪੰਚ
ਸਿਪਾਹੀ
ਤਿੰਨ ਚਾਰ ਬੱਚੇ
ਨੌਜਵਾਨ
ਪਿੰਡ ਦੇ ਲੋਕ



# ਮਿੱਟੀ ਪੁੱਛੇ ਘੁਮਿਆਰ ਤੋਂ

**ਵੀਰਵਾਰ** 5 ਜਨਵਰੀ ਨੂੰ 1995 ਉਤਰੀ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ ਵਲੋਂ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਸਹਿਯੋਗ ਨਾਲ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਚ ਸੁਰਗਵਾਸੀ ਧਰਮ ਕੌਰ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਭਗਤੀ ਸੰਗੀਤ ਦਾ ਉਚੇਚਾ ਪ੍ਰੋਗਰਾਮ ਰਖਿਆ ਗਿਆ ਸੀ। ਭਾਰਤ ਦੇ ਉੱਘੇ ਭਗਤੀ ਸੰਗੀਤ ਦੇ ਵਿਸ਼ੇਸ਼ਗ ਸ੍ਰੀ ਰਾਜਿੰਦਰ ਕਾਚਰੂ ਨੇ ਉਸ ਸ਼ਾਮ ਗੁਰੂ ਨਾਨਕ ਦੇਵ, ਕਬੀਰ, ਮੀਰਾਂ ਬਾਈ, ਸੂਰਦਾਸ ਆਦਿ ਭਗਤਾਂ ਦੇ ਸ਼ਬਦਾਂ ਦੇ ਗਾਇਣ ਦਵਾਰਾ ਸੁਝਵਾਨ ਸਰੋਤਿਆਂ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ। ਉਸੇ ਸ਼ਾਮ ਸ੍ਰੀ ਕਾਚਰੂ ਨੇ ਭਗਤ ਕਬੀਰ ਦਾ ਲੋਕ ਪ੍ਰੀਆ ਦੋਹਾ ਵੀ ਅਪਾਰ ਮਸਤੀ ਵਿਚ ਗਾਇਆ ਸੀ–

ਮਾਟੀ ਕਹੇ ਕੁਮਿਆਰ ਸੇ
ਤੂੰ ਕਿਉਂ ਰੌਂਦੇ ਮੋਹੇ
ਇਕ ਦਿਨ ਐਸਾ ਆਏਗਾ
ਮੈਂ ਰੋਂਦੂੰਗੀ ਤੋਹੇ।

ਇਕ ਗਰੀਬ ਘੁਮਾਰ ਦੇ ਜੀਵਨ ਬਾਰੇ ਨਾਟਕ ਲਿਖਣ ਦਾ ਸੰਕਲਪ ਮੇਰੇ ਮਨ ਵਿਚ ਚਰੋਕਣਾ ਘਰ ਕਰੀ ਬੈਠਾ ਸੀ। ਸਾਡੇ ਪਿੰਡ ਵਿਚ ਘੁਮਾਰਾਂ ਦੇ ਦੋ ਘਰ ਹੁੰਦੇ ਸਨ। ਉਹਨਾਂ ਸਬੰਧੀ ਬਚਪਨ ਦੀਆਂ ਕੁਝ ਯਾਦਾਂ ਮੇਰੇ ਮਨ ਨੂੰ ਮੱਲੀ ਬੈਠੀਆਂ ਸਨ। ਇਸ ਨਾਟਕ ਨੂੰ ਰਚਨ ਦੀ ਫੌਰੀ ਟੁੰਬ ਮੈਨੂੰ ਉਸ ਸ਼ਾਮ ਭਗਤੀ ਸੰਗੀਤ ਸੁਣਨ ਸਮੇਂ ਮਿਲੀ ਸੀ। ਇਸ ਦਾ ਨਾਂ ਵੀ ਮੈਂ ਭਗਤ ਕਬੀਰ ਦੇ ਦੋਹੇ ਤੋਂ ਲਿਆ ਹੈ।

ਇਸ ਇਕਾਂਗੀ ਵਿਚੋਂ ਮੈਂ ਇਕ ਗਰੀਬ ਘੁਮਾਰ ਦੇ ਜੀਵਨ ਸੰਘਰਸ਼ ਦਵਾਰਾ ਵਰਤਮਾਨ ਰਾਜਨੀਤਕ, ਸਮਾਜਕ ਅਤੇ ਆਰਥਕ ਸਥਿਤੀ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਹੈ। ਨਾਟਕ ਵਿਚ ਮਿੱਟੀ ਦਲਿਤ ਵਰਗ ਦਾ ਪ੍ਰਤੀਕ ਹੈ। ਘੁਮਾਰ ਬਹੁ ਸੰਕੇਤਕ ਸ਼ਬਦ ਹੈ। ਅਜੋਕੇ ਸਮੇਂ ਵਿਚ ਮਧ ਵਰਗ ਤਾਂ ਗੁਜ਼ਾਰਾ ਕਰੀ ਜਾ ਰਿਹਾ ਹੈ ਪਰ ਕਾਮੇ ਮਜ਼ਦੂਰਾਂ ਦਾ ਅਤ ਦਰਜੇ ਦੀ ਮਹਿੰਗਾਈ ਵਿਚ ਕਚੂਮਰ ਨਿਕਲ ਗਿਆ ਹੈ। ਪਿਛਲੇ ਦਸਾਂ ਬਾਰਾਂ ਸਾਲਾਂ ਵਿਚ ਪੰਜਾਬ ਦੇ ਸੰਕਟ ਕਾਲ ਵਿਚ ਦਿਹਾੜੀਦਾਰ ਮਜਦੂਰਾਂ ਦੀ ਜੋ ਹਾਲਤ ਹੋਈ ਹੈ ਉਹੋ ਜੇਹੀ ਸ਼ਾਇਦ ਹੀ ਕਿਸੇ ਹੋਰ

ਕਾਲ ਵਿਚ ਹੋਈ ਹੋਵੇ। ਸਵਾਲ ਪੈਦਾ ਹੁੰਦਾ ਹੈ, ਉਹਨਾਂ ਦੀ ਦੁਰਦਸ਼ਾ ਦਾ ਕੌਣ ਜ਼ੁਮੇਵਾਰ ਹੈ :– ਪਰਮਾਤਮਾ, ਪਿਛਲੇ ਜਨਮ ਦੇ ਕਰਮ, ਸਮਾਜ ਜਾਂ ਸਰਕਾਰ। ਕਰਮੇ ਵਰਗੇ ਸੂਝਵਾਨ ਪ੍ਰਗਤੀਸ਼ੀਲ ਪੁਰਸ ਤਾਂ ਸਮਝਦੇ ਹਨ ਕਿ ਉਹਨਾਂ ਦੀ ਗਰੀਬੀ ਦੀ ਜ਼ੁਮੇਵਾਰ ਸਰਕਾਰ ਹੈ। ਪੰਜਾਬ ਦਾ ਸੰਕਟ ਕੋਈ ਰੱਬੀ ਕਰੋਪੀ ਨਹੀਂ ਸੀ। ਕੇਂਦਰੀ ਸਰਕਾਰ ਦੀ ਕੁਟਲ ਨੀਤੀ ਦਾ ਸਿੱਟਾ ਸੀ। ਇਹੋ ਜਹੀ ਸਿਥਤੀ ਤੋਂ ਹੀ ਇਨਕਲਾਬ ਪੈਦਾ ਹੁੰਦੇ ਹਨ। ਸੁਖਪਾਲਵੀਰ ਸਿੰਘ ਹਸਰਤ ਨੇ ਠੀਕ ਲਿਖਿਆ ਹੈ :–

ਐ ਜਿਗਰ ਦੇ ਛਾਲਿਓ ਹੋਵੋ ਨਾ ਐਨੇ ਬੇਨਿਕਾਬ
ਹੰਝੂਆਂ ਤੇ ਹਉਕਿਆਂ ਚੋਂ ਫੁਟਦੇ ਨੇ ਇਨਕਲਾਬ

ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਨੇ ਕਿੱਡੀ ਇਨਕਲਾਬੀ ਗਲ ਆਖੀ ਹੈ :–

ਜਿਸੁ ਸਿਕਦਾਰੀ ਤਿਸਹਿ ਖੁਆਰੀ
ਚਾਕਰ ਕੇਹੇ ਡਰਣਾ
ਜਾਂ ਸਿਕਦਾਰੇ ਪਵੈ ਜੰਜੀਰੀ
ਤਾਂ ਚਾਕਰ ਹਥੋਂ ਮਰਣਾ

ਇਸੇ ਸਾਲ 1995 ਵਿਚ 6 ਤੋਂ 12 ਮਾਰਚ ਕੋਪਨ ਹੈਗਨ ਵਿਚ ਵਿਸ਼ਾਲ ਪੱਧਰ ਦਾ "ਗਰੀਬੀ ਸਿਖਰ ਸਮੇਲਨ' ਹੋਇਆ ਹੈ ਜਿਸ ਵਿਚ 183 ਮੁਲਕਾਂ ਅਤੇ 13 ਹਜ਼ਾਰ ਸਰਕਾਰੀ ਅਤੇ ਗ਼ੈਰ ਸਰਕਾਰੀ ਪ੍ਰਤੀਨਿਧਾਂ ਨੇ ਭਾਗ ਲਿਆ ਸੀ। ਸਮੇਲਨ ਵਿਚ ਦਿੱਤੇ ਗਏ ਭਾਸ਼ਨਾਂ ਅਤੇ ਵਿਚਾਰਾਂ ਤੋਂ ਦੁਨੀਆਂ ਅੰਦਰ ਗਰੀਬੀ ਦੀ ਅਤੀ ਭਿਆਨਕ ਸਥਿਤੀ ਉੱਤੇ ਡੂੰਘਾ ਚਾਨਣਾ ਪਿਆ ਹੈ। ਵਿਸ਼ਵ ਦੀ ਪੰਜ ਅਰਬ ਅਬਾਦੀ ਵਿਚੋਂ ਲਗਪਗ ਇਕ ਅਰਬ 40 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਹੇਠ ਜੀ ਰਹੇ ਹਨ। ਹਰ ਸਾਲ ਇਕ ਕਰੋੜ 80 ਲਖ ਲੋਕ ਭੁਖ ਦੇ ਦੁੱਖੋਂ ਮਰਦੇ ਹਨ। ਭਾਰਤ ਦੇ ਕਰੋੜਾਂ ਗਰੀਬ ਅਤੀ ਘਟੀਆ ਕਿਸਮ ਦਾ ਜੀਵਨ ਬਤੀਤ ਕਰ ਰਹੇ ਹਨ। ਸਰਕਾਰ ਆਪਣੇ ਗਿਣਤੀ ਦੇ ਮੁਲਾਜ਼ਮਾਂ ਨੂੰ ਹਰ ਛੇ ਮਹੀਨੇ ਬਾਅਦ ਮਹਿੰਗਾਈ ਭੱਤਾ ਦੇ ਕੇ ਚੁਪ ਕਰਾਈ ਰਖਦੀ ਹੈ। ਵਪਾਰੀ ਲੋਕ ਉਸੇ ਹਿਸਾਬ ਖਾਣ ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਧਾ ਦੇਂਦੇ ਹਨ; ਗਰੀਬਾਂ ਅਤੇ ਕਾਮਿਆਂ ਦੀ ਹਾਲਤ ਹੋਰ ਨਿਘਰ ਜਾਂਦੀ ਹੈ। ਉਪਰਲਾ ਵਰਗ ਭਰਿਸ਼ਟਾਚਾਰ ਦਵਾਰਾ ਹੋਰ ਅਮੀਰ ਹੋਈ ਜਾ ਰਿਹਾ ਹੈ। ਗਰੀਬ ਮਿਹਨਤਕਸ਼ ਦਿਨੋਂ ਦਿਨ ਹੋਰ ਭੁਖ ਦਾ ਸ਼ਿਕਾਰ ਹੋਈ ਜਾ ਰਹੇ ਹਨ। ਇਸ ਇਕਾਂਗੀ ਵਿਚ ਮੈਂ ਅਤੀ ਦੀਰਘ ਸਮਕਾਲੀ ਸਥਿਤੀ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕੀਤਾ ਹੈ।



# ਮਿੱਟੀ ਪੁੱਛੇ ਘੁਮਿਆਰ ਤੋਂ

**ਪਰਦਾ** ਉਠਣ ਤੋਂ ਪਹਿਲਾਂ ਪਿਛੋਕੜ ਤੋਂ ਇਕ-ਤਾਰੇ ਦੀ ਸੁਰੀਲੀ ਧੁਨ ਸੁਣਾਈ ਦਿੰਦੀ ਹੈ।

ਪਰਦਾ ਹੌਲੀ ਹੌਲੀ ਉਠਦਾ ਹੈ। ਤੁੱਲੇ ਘੁਮਾਰ ਦਾ ਗਰੀਬੜਾ ਜਿਹਾ ਕੱਚਾ ਘਰ ਹੈ। ਵਿਹੜੇ ਵਿਚ ਵੱਖੋ ਵੱਖ ਭਾਂਤ ਦੇ ਕੱਚੇ ਪਿੱਲੇ ਮਿੱਟੀ ਦੇ ਭਾਂਡੇ ਠੀਕਰ ਖਿੰਡਰੇ ਪਏ ਹਨ। ਇਕ ਖੂੰਜੇ ਵਿਚ ਗੋਰੀ ਮਿੱਟੀ ਦਾ ਢੇਰ ਹੈ। ਦੂਜੇ ਪਾਸੇ ਤੁੱਲੇ ਦੇ ਧਾਰਮਿਕ ਇਸ਼ਟ ਝੋਟਾਵਲੀ ਦਾ ਬੁੱਤ ਹੈ। ਗਧੇ ਦੇ ਬੰਨ੍ਹਣ ਵਾਲੀ ਥਾਂ ਦੇ ਆਲੇ-ਦੁਆਲੇ ਲਿੱਦ ਖਿੰਡਰੀ ਪਈ ਹੈ। ਮਿੱਟੀ ਨਾਲ ਲਿਬੜੇ ਦੋ ਬੋਰੇ ਇਕ ਥੰਮੀ ਉਤੇ ਟੰਗੇ ਹੋਏ ਹਨ।

ਪਿੱਛੇ ਕੱਚਾ ਕੋਠਾ ਹੈ। ਉਸ ਦੇ ਅੱਗੇ ਫੂਸ ਕਾਨਿਆਂ ਦਾ ਟੁੱਟਾ-ਫੁੱਟਾ ਛੱਪਰ ਹੈ। ਵਿਹੜੇ ਦੇ ਵਿਚਕਾਰ ਕਰ ਕੇ ਭਾਂਡੇ ਬਣਾਉਣ ਵਾਲਾ ਚਕ ਹੈ। ਕੋਲ ਹੀ ਮਿੱਟੀ ਨਾਲ ਲਿਬੜਿਆ ਡੰਡਾ ਪਿਆ ਹੈ।

ਥੋੜ੍ਹੀ ਥੋੜ੍ਹੀ ਦੇਰ ਬਾਅਦ ਕੋਠੇ ਅੰਦਰੋਂ ਬੀਮਾਰ ਬਜ਼ੁਰਗ ਦੇ ਖੰਘੂਰੇ ਸੁਣਾਈ ਦਿੰਦੇ ਹਨ। ਵਿਹੜੇ ਦੇ ਇਕ ਖੂੰਜੇ ਵਿਚ ਸੁੱਕੇ ਜਿਹੇ ਦਰਖਤ ਉਤੇ ਇਕ ਮਰਿਆ ਹੋਇਆ ਕਾਂ ਪੁੱਠਾ ਲਟਕ ਰਿਹਾ ਹੈ।

ਪਰਦਾ ਉਠਣ ਸਮੇਂ ਤੁੱਲਾ ਚਕ ਤੋਂ ਭਾਂਡਾ ਲਾਹ ਕੇ ਥੱਲੇ ਰੱਖਦਾ ਹੈ। ਫੇਰ ਛੋਟੀ ਜਿਹੀ ਥਾਪੜੀ ਨਾਲ ਉਸ ਨੂੰ ਪੋਲਾ ਪੋਲਾ ਥਾਪੜਦਾ ਹੈ।

ਪਿਛੋਕੜ ਤੋਂ ਉਚੀ ਸੁਰ ਵਿਚ ਲੰਮਕਵੀਂ ਆਵਾਜ਼ ਵਿਚ ਗਾਣਾ ਸੁਣਾਈ ਦਿੰਦਾ ਹੈ :

ਮਿੱਟੀ ਪੁੱਛੇ ਘੁਮਿਆਰ ਤੋਂ,
ਤੂੰ ਕਿਉਂ ਰੋਂਦੇਂ ਮੋਹੇ
ਇਕ ਦਿਨ ਐਸਾ ਆਏਗਾ
ਮੈਂ ਰੌਂਦੂੰਗੀ ਤੋਹੇ।

ਤੁੱਲਾ : (ਸੰਗੀਤ ਦੇ ਪ੍ਰਭਾਵ ਅਧੀਨ ਕਮਲਿਆਂ ਵਾਂਗ ਝੂਮਦਾ ਹੋਇਆ) ਕਹਿੰਦੇ ਆ ਮਿੱਟੀ ਦਾ ਬਾਵਾ ਨਹੀਂ ਬੋਲਦਾ, ਬੋਲਦਾ ਹੈ ਲੋਕੋ, ਆਹ ਸੁਣ ਲਓ ਮਿੱਟੀ ਦਾ ਬਾਵਾ ਬੋਲਦਾ। ਹਾਂ, ਦੌਲਤਮੰਦਾਂ ਨੂੰ ਸ਼ੈਦ ਸੁਣਾਈ ਨਾ ਦਿੰਦਾ ਹੋਵੇ। ਉਹ ਤਾਂ ਹਮਾਤੜਾਂ ਨੂੰ ਬੇਜਾਨ ਮਿੱਟੀ ਦੇ ਬਾਵੇ ਹੀ ਸਮਝਦੇ ਆ। ਜਿੱਦਾਂ ਮਰਜ਼ੀ ਉਨ੍ਹਾਂ ਨਾਲ ਸਲੂਕ ਕਰ ਲਓ,

ਉਨ੍ਹਾਂ ਕਿਹੜਾ ਅੱਗੋਂ ਬੋਲਣੈ। ਓਏ ਮੂਰਖੋ, ਮਿੱਟੀ ਬੜੀ ਸ਼ੈ ਐ। ਇਹਨੂੰ ਐਮੇ ਕਿਮੇ ਨਾ ਸਮਝੋ। ਪਤਾ ਨਹੀਂ ਜੁਗਾਂ ਜੁਗਾਂਤਰਾਂ ਤੋਂ ਇਸ ਵਿਚ ਕਿੰਨੇ ਖਣਜ ਪਦਾਰਥ ਰਲੇ ਹੋਏ ਐ। ਕਿੰਨੇ ਮਹਾਂ ਪੁਰਖਾਂ ਦੀਆਂ ਦੇਹਾਂ ਇਸ ਮਿੱਟੀ 'ਚ ਸਮੋਈਆਂ ਹੋਈਆਂ ਹਨ।

(ਕੱਚੇ ਭਾਂਡੇ ਨੂੰ ਚੁੱਕ ਕੇ ਆਪ-ਮੁਹਾਰਾ) ਮੈਨੂੰ ਤਾਂ ਇਸ 'ਚੋਂ ਸੋਹਣੀ ਘੁਮਾਰਨ ਦਾ ਚਿਹਰਾ ਦਖਾਈ ਦਿੰਦਾ। (ਉਪਰ ਨੂੰ ਦੇਖ ਕੇ) ਵਾਹ ਓਏ ਘੁਮਾਰਾ, ਨਹੀਂ ਰੀਸਾਂ ਤੇਰੀਆਂ! ਵਿਹਲੇ ਮੌਕੇ ਬਹਿ ਕੇ ਮੂਰਤ ਘੜੀ ਲਗਦੀ ਐ। ਵਾਹ! ਵਾਹ! ਕੈਸੀ ਸੁਰਾਹੀ ਅਰਗੀ ਲੰਮੀ ਗਰਦਨ, ਮੋਤੀਆਂ ਅਰਗੇ ਚਿੱਟੇ ਦੰਦ, ਹੀਰੇ ਹਿਰਨ ਅਰਗੀਆਂ ਮੋਟੀਆਂ ਮੋਟੀਆਂ ਅੱਖਾਂ, ਗੁਲਾਬ ਦੀਆਂ ਪੱਤੀਆਂ ਜੇਹੇ ਕੂਲ੍ਹੇ ਬੁਲ੍ਹ, ਘੰਧਾਰੀ ਅਨਾਰ ਅਰਗੀਆਂ ਸੂਹੀਆਂ ਗਲ੍ਹਾਂ। ਸਦ ਕੁਰਬਾਨ ਤੇਰੇ, ਸੋਹਣੀ ਨੂੰ ਘੜਨ ਵਾਲਿਆਂ।

(ਭੁੱਲੀ ਘੁਮਾਰਨ ਅਤੇ ਉਸ ਦੀ ਬਾਰਾਂ ਕੁ ਸਾਲਾਂ ਦੀ ਲੜਕੀ ਮੁੰਨੀ ਦਾਖਲ ਹੁੰਦੀਆਂ ਹਨ। ਭੁੱਲੀ ਦੇ ਹੱਥਾਂ ਵਿਚ ਮਿੱਟੀ ਦੇ ਦੋ ਭਾਂਡੇ ਹਨ। ਮੁੰਨੀ ਦੇ ਸਿਰ ਉਤੇ ਭਾਂਡਿਆਂ ਦੀ ਟੋਕਰੀ ਹੈ)।

ਭੁੱਲੀ : (ਹੈਰਾਨੀ ਨਾਲ ਆਲੇ-ਦੁਆਲੇ ਦੇਖ ਕੇ): ਹੈਂ! ਕੇਹੜੀ ਚੁੜੇਲ ਨਾਲ ਕਲੋਲਾਂ ਕਰ ਹੈਂ।

ਤੁੱਲਾ : ਸੋਹਣੀ ਘੁਮਾਰਨ ਨਾਲ।

ਭੁੱਲੀ : ਫਿਟੇ ਮੂੰਹ! ਉਹ ਕਿਥੋਂ ਆ ਗਈ ਮੋਈ ਮੁੱਕੀ?

ਤੁੱਲਾ : (ਮਟਕੀ ਵੱਲ ਇਸ਼ਾਰਾ ਕਰ ਕੇ) ਤੈਨੂੰ ਨੀ ਦੀਹਦੀ?

ਭੁੱਲੀ : ਨਹੀਂ।

ਤੁੱਲਾ : (ਹੱਸਦਾ ਹੋਇਆ) ਉਹ ਸਿਰਫ ਆਸ਼ਕਾਂ ਨੂੰ ਦਖਾਈ ਦਿੰਦੀ ਆ।

ਭੁੱਲੀ : ਅੱਛਾ, ਤੂੰ ਆਸ਼ਕ ਹੈਂ। ਹੂੰ! ਬੁੱਢੀ ਘੋੜੀ ਤੇ ਲਾਲ ਲਗਾਮ।

ਤੁੱਲਾ : ਭੋਲੀਏ, ਦੇਹ ਨਾਸ ਹੁੰਦੀ ਐ। ਯਾਦ ਰੂਹ ਆਂਗ ਸਦਾ ਜੀਂਦੀ ਰਹਿੰਦੀ ਐ। ਕਿਆ ਹੀਰ ਰਾਂਝਾ, ਸੱਸੀ ਪੁੰਨੂ, ਮਿਰਜ਼ਾ ਸਾਹਿਬਾਂ ਖਤਮ ਹੋ ਗਏ। ਨਹੀਂ ਸਦਾ ਸਦਾ ਲਈ ਜੀਂਦੇ ਐ।

ਭੁੱਲੀ : ਕੇਹੜੇ ਜਹਾਨ 'ਚ ਜੀਂਦੇ ਆ।

ਤੁੱਲਾ : ਲੋਕ ਮਨਾਂ ਵਿਚ।

ਭੁੱਲੀ : ਤੇਰੇ ਡਮਾਕ ਨੂੰ ਅਜ ਧੁਪ ਚੜ੍ਹ ਗਈ ਲਗਦੀ ਐ।

ਤੁੱਲਾ : ਤੈਨੂੰ ਮੈਂ ਪਾਗਲ ਦਖਾਈ ਦਿੰਦਾਂ।



ਭੁੱਲੀ : ਹੋਰ ਪਾਗਲਾਂ ਦੇ ਸਿਰ ਸਿੰਗ ਹੁੰਦੇ ਆ। ਤੇਰੇ ਆਂਗ ਈ ਆਲ ਮਟੋਲੀਆਂ ਮਾਰਦੇ ਆ।

ਤੁੱਲਾ : ਭੁੱਲੀਏ, ਤੂੰ ਠੀਕ ਬੁਝਿਆ, ਮੇਰੇ ਦਮਾਕ ਨੂੰ ਭੁੱਖ ਦਾ ਗੁਬਾਰ ਚੜ੍ਹ ਗਿਆ ਲਗਦਾ।

ਭੁੱਲੀ : ਮੈਨੂੰ ਵੀ ਕੁਝ ਇੱਦਾਂ ਈ ਲਗਦਾ।

ਤੁੱਲਾ : (ਅੱਖਾਂ 'ਤੇ ਹੱਥ ਫੇਰ ਕੇ) ਤੁਸੀਂ ਛਾਹ ਵੇਲੇ ਦੀਆਂ ਗਈਆਂ ਹੁਣ ਮੁੜੀਆਂਓ?

ਭੁੱਲੀ : ਹੋਰ ਕਿਆ ਕਰਦੀਆਂ ਭਾਂਡੇ ਨਹੀਂ ਸੀ ਬਿਕਦੇ। ਖੁੱਚਾਂ ਭਜ ਗਈਆਂ ਘੁੰਮਦੀਆਂ ਦੀਆਂ।

ਤੁੱਲਾ : ਦੀਵੇ ਦੀਵਟਾਂ ਵੀ ਨਹੀਂ ਬਿਕੀਆਂ?

ਭੁੱਲੀ : ਦੀਵੇ ਅੱਜ ਕਲ੍ਹ ਕੌਣ ਖਰੀਦਦਾ।

ਤੁੱਲਾ : ਕਿਉਂ?

ਭੁੱਲੀ : ਖੂਨ ਦੇ ਭਾਅ ਤਾਂ ਤੇਲ ਬਿਕਦਾ! ਦੀਵਾਲੀ ਨੂੰ ਵੀ ਲੋਕੀਂ ਮੋਮਬੱਤੀਆਂ ਨਾਲ ਸਾਰਨ ਲਗ ਪਏ।

ਤੁੱਲਾ : ਦਰਅਸਲ ਭੁੱਲੀਏ, ਜਿਹੜੇ ਖਰੀਦਣਾ ਚਾਹੁੰਦੇ ਆ ਉਨ੍ਹਾਂ ਕੋਲ ਪੈਸੇ ਨਹੀਂ, ਅਮੀਰ ਕੱਚੇ ਭਾਂਡਿਆਂ ਵੱਲ ਝਾਕਦੇ ਤਕ ਨਹੀਂ।

(ਲੜਕੀ ਟੋਕਰੀ ਲੈ ਕੇ ਕੋਠੇ ਅੰਦਰ ਚਲੀ ਜਾਂਦੀ ਹੈ। ਭੁੱਲੀ ਹਾਰੀ-ਹੁੱਟੀ ਹੋਈ ਭੁੰਜੇ ਬੈਠ ਜਾਂਦੀ ਹੈ।)

ਤੁੱਲਾ : ਕੋਈ ਭਾਂਡਾ ਵੀ ਨਹੀਂ ਬਿਕਿਆ? ਮੇਰੀਆਂ ਤਾਂ ਭੁੱਖ ਨਾਲ ਆਂਦਰਾ ਲੂਸ ਗਈਆਂ।

ਭੁੱਲੀ : ਅਸੀਂ ਵੀ ਕੇਹੜੀਆਂ ਹਲਵਾ ਪੂਰੀਆਂ ਖਾਂਦੀਆਂ ਰਹੀਆਂ।

ਤੁੱਲਾ : ਮੈਨੂੰ ਕਿਆ ਪਤਾ ਕਿੱਥੇ ਖੇਹ ਖਾਂਦੀ ਰਹੀ ਐਂ।

ਭੁੱਲੀ : ਭੁੱਖ ਨੇ ਤੇਰੇ ਡਮਾਕ ਦੀ ਚੂਲ ਢਿੱਲੀ ਕਰਤੀ (ਰੋਣ-ਹਾਕੀ ਹੋ ਕੇ) ਏਹੋ ਜਹੀ ਹੁੰਦੀ ਤਾਂ ਇਸ ਖੋਲੀ 'ਚ ਨਾ ਬੈਠੀ ਰਹਿੰਦੀ ਸਾਰੀ ਉਮਰ। (ਪੱਲੇ ਨਾਲ ਅੱਖਾਂ ਪੂੰਝਦੀ ਹੋਈ) ਜਦ ਦੀ ਤੇਰੇ ਲੜ ਲੱਗੀਆਂ ਇਕ ਦਿਨ ਖ਼ੁਸ਼ੀ ਦਾ ਨਹੀਂ ਦੇਖਿਆ।

ਤੁੱਲਾ : ਮੈਂ ਕਿਹੜਾ ਸੁਰਗ ਦੇ ਝੂਟੇ ਲੈਂਦਾ ਰਿਹਾਂ। ਤੇਰੇ ਨਾਲ ਈ ਭੱਠ ਝੋਕਦਾ ਰਿਹਾਂ।

ਭੁੱਲੀ : ਤੂੰ ਤਾਂ ਸਾਰਾ ਦਿਨ ਘਰ ਬੈਠਾ ਭਾਂਡੇ ਘੜੀ ਜਾਂਦਾ, ਮੈਂ ਦਿਨ ਭਰ ਭਟਕਦੀ ਫਿਰਦੀ ਆਂ।

ਤੁੱਲਾ : (ਉਹਨੂੰ ਖ਼ੁਸ਼ ਕਰਨ ਦੇ ਲਹਿਜੇ ਵਿਚ) ਕਮਲੀਏ, ਮੇਰੇ ਨਾਲੋਂ ਫੇਰ

ਚੰਗੀ ਐਂ। ਫਿਰ ਤੁਰ ਕੇ ਬਹੁ ਰੰਗ ਤਮਾਸ਼ੇ ਤਾਂ ਦੇਖਦੀ ਆਂ। ਮੈਂ ਤਾਂ ਗੋਡਿਆਂ ਭਾਰ ਬੈਠਾ ਬੈਠਾ ਬੁੱਢਾ ਹੋ ਗਿਆ।

ਭੁੱਲੀ : ਮੈਂ ਕਿਹੜੀ ਜੁਆਨ ਆਂ।

ਤੁੱਲਾ : ਤੂੰ ਤਾਂ ਉਸੇ ਤਰ੍ਹਾਂ ਘੋੜੀ ਆਂਗੂ ਹਿਣਕਦੀ ਫਿਰਦੀ ਐਂ।

(ਉਸ ਨੂੰ ਫੜ ਕੇ ਘੁਟਣ ਲਗਦਾ ਹੈ।)

ਭੁੱਲੀ : ਸ਼ਰਮ ਕਰ ਕੁੜੀ ਦੇਖਦੀ ਹੋਊ। ਜਦ ਤੇਰੇ ਹੱਡਾਂ 'ਚ ਜਾਨ ਸੀ ਤੂੰ ਬਥੇਰੇ ਕੰਧਾਂ ਕੋਠੇ ਟਪਦਾ ਹੁੰਦਾ ਸੀ।

ਤੁੱਲਾ : ਤੂੰ ਅਜੇ ਵੀ ਸਵੇਰ ਦੀ ਗਈ ਰਾਤ ਤਕ ਖੌਰੇ ਕਿਆ ਕਿਆ ਕਾਰੇ ਕਰਦੀ ਐਂ।

ਭੁੱਲੀ : ਚੁੱਪ ਕਰ ਜਾ ਮੈਂ ਅੱਕੀ-ਪਈ ਆਂ। ਸਿਰ 'ਚ ਤੌੜੀ ਮਾਰੂੰਗੀ ਚੁੱਕ ਕੇ।

ਤੁੱਲਾ : ਮੈਂ ਗਿੱਲੀ ਮਿੱਟੀ ਨਾਲ ਤੇਰਾ ਹੁਲੀਆ ਵਗਾੜ ਦੇਊਂਗਾ।

ਭੁੱਲੀ : ਤੂੰ ਚਕ 'ਤੇ ਬਹਿ ਕੇ ਭਾਂਡੇ ਨੀਂ ਬਣਾਉਂਦਾ ਗੱਲਾਂ ਵੀ ਘੜਦਾਂ।

ਤੁੱਲਾ : (ਪਸੀਜ ਕੇ) ਭਲੀਏ ਲੋਕੇ, ਇਨ੍ਹਾਂ ਗੱਲਾਂ ਆਸਰੇ ਈ ਤਾਂ ਜੀਂਦੇ ਆਂ।

ਭੁੱਲੀ : ਜੇਹੇ ਜੀਣ ਨਾਲੋਂ ਤਾਂ ਮਰਨਾ ਕਿਤੇ ਚੰਗਾ।

ਤੁੱਲਾ : (ਗੰਭੀਰ ਹੁੰਦਾ ਹੋਇਆ) ਕਿਉਂ ਨਹੋਰੇ ਮਾਰਦੀ ਆਂ। ਮੈਂ ਵੀ ਅੰਦਰੋਂ ਪੇਟਾ ਪੇਟਾ ਦੁਖੀ ਆਂ। ਸਵੇਰ ਤੋਂ ਸ਼ਾਮ ਤਕ ਦਮ ਨਹੀਂ ਲੈਂਦਾ। ਪਹਿਲਾਂ ਗਧੇ ਨਾਲ ਦੂਰੋਂ ਮਿੱਟੀ ਢੋਂਦਾ, ਕਈ ਦਿਨ ਪਾਣੀ 'ਚ ਭਿੱਜੀ ਰਖਦਾਂ; ਫੇਰ ਚੰਗੀ ਤਰ੍ਹਾਂ ਪੈਰਾਂ ਨਾਲ ਗੁੰਨ੍ਹਦਾਂ, ਜਦ ਪੂਰੀ ਤਰ੍ਹਾਂ ਤਿਆਰ ਹੋ ਜਾਂਦੀ ਐ ਤਾਂ ਚਕ 'ਤੇ ਬਹਿ ਕੇ ਭਾਂਡੇ ਘੜਦਾਂ, ਫੇਰ ਭੱਠੀ 'ਚ ਰੱਖ ਕੇ ਪਕੌਂਦਾਂ।

ਭੁੱਲੀ : ਮੈਂ ਕਿਹੜੀ ਪੀੜ੍ਹੇ 'ਤੇ ਬੈਠੀ ਕਸੀਦਾ ਕਢਦੀ ਰਹਿੰਦੀ ਆਂ।

ਤੁੱਲਾ : (ਉਪਰ ਨੂੰ ਮੂੰਹ ਕਰ ਕੇ) ਓਏ ਵੱਡੇ ਘੁਮਾਰਾ, ਅਸੀਂ ਕੇਹੜੇ ਭੈੜੇ ਕਰਮ ਕੀਤੇ ਸਨ ਜੋ ਤੂੰ ਸਾਨੂੰ ਮਨੁੱਖਾ ਜੂਨ 'ਚ ਪਾਇਆ। ਝੂਠ ਕਹਿੰਦੇ ਨੇ, ਤੂੰ ਜੀਆਂ ਨੂੰ ਪੱਥਰਾਂ 'ਚ ਰੋਜ਼ੀ ਦਿੰਦਾਂ। ਅਸੀਂ ਖੂਨ ਪਸੀਨਾ ਇਕ ਕਰ ਕੇ ਵੀ ਭੁੱਖੇ ਮਰਦੇ ਆਂ।

ਭੁੱਲੀ : (ਉਸ ਦਾ ਮਨ ਧਰਾਉਣ ਲਈ ਚੁੰਨੀ ਦੇ ਲੜੋਂ ਪੈਸੇ ਕਢ ਕੇ) ਐਮੇਂ ਨਾ ਕਲਪ। ਆਹ ਫੜ ਦਿਨ ਭਰ ਦੀ ਕਮਾਈ।

ਤੁੱਲਾ : ਕਿੰਨੇ ਆਂ?

ਭੁੱਲੀ : ਅੱਠ ਰੁਪਏ।

ਤੁੱਲਾ : ਹੈਂ, ਬਸ! ਅੱਠ ਰੁਪਏ? ਇਹਦੇ ਨਾਲ ਤਾਂ ਪਾ ਪੱਕੇ ਭੁੱਜੇ ਛੋਲਿਆਂ ਦੇ ਦਾਣੇ ਨਹੀਂ ਆਉਣੇ।



ਭੁੱਲੀ : ਮੰਗਾਈ ਨੇ ਗਰੀਬਾਂ ਦੇ ਜੀਣ ਦਾ ਹੱਜ ਨਹੀਂ ਰਹਿਣ ਦਿੱਤਾ।

ਤੁੱਲਾ : ਕਿਸੇ ਵੀ ਕਾਲ 'ਚ ਮਿਹਨਤਕਸ਼ਾਂ ਦੀ ਅੱਜ ਅਰਗੀ ਭੈੜੀ ਹਾਲਤ ਨਹੀਂ ਹੋਈ ਹੋਣੀ। ਬੰਦਾ ਦਿਨ ਭਰ ਹੱਡ ਭੰਨ ਕੇ ਮਜੂਰੀ ਕਰੇ ਫੇਰ ਉਹਨੂੰ ਸੁੱਕੀ ਰੋਟੀ ਨਸੀਬ ਨਾ ਹੋਏ। ਲੱਖ ਲਾਹਨਤ, ਜੇਹੀ ਜ਼ਿੰਦਗੀ 'ਤੇ।

ਭੁੱਲੀ : ਓਹ ਕਢ ਜੋ ਉਸ ਦਿਨ ਤੂੰ ਦੌੜੀ 'ਚ ਲੁਕਾਏ ਤੀ।

ਤੁੱਲਾ : ਉਹ ਉਹ!

ਭੁੱਲੀ : ਚੇਤਾ ਭੁੱਲ ਗਿਆ?

ਤੁੱਲਾ : ਉਹ ਤਾਂ ਮੈਂ ਪਰਸੋਂ ਮਿੱਤੂ ਨੂੰ ਦੇ ਦਿੱਤੇ। ਬਚਾਰਾ ਬਾਹਲਾ ਈ ਲੋੜਮੰਦ ਸੀ।

ਭੁੱਲੀ : (ਗਲ ਪੈਂਦੀ ਹੋਈ) ਕਿਆ ਹੋ ਗਿਆ ਤੇਰੀ ਮਤ ਨੂੰ। ਬੜੇ ਦਾਨੀਆ ਗਲੋਂ ਲਾਹ ਕੇ ਅਗਲੇ ਨੂੰ ਦੇ ਕੇ ਆਪ ਨੰਗੇ ਫਿਰਨਾ। ਇਹ ਕਿੱਥੋਂ ਦੀ ਦਾਨਾਈ ਆ।

ਤੁੱਲਾ : ਸੱਚੀ ਗੱਲ ਐ, ਮੈਂ ਕਿਸੇ ਦਾ ਦੁਖ ਨਹੀਂ ਜਰ ਸਕਦਾ।

ਭੁੱਲੀ : ਆਪਣੇ ਬੱਚਿਆਂ ਦਾ ਗਲ ਘੁੱਟ ਸਕਦਾਂ।

ਤੁੱਲਾ : ਭਲੀਏ ਲੋਕੇ, ਆਪ ਕਸ਼ਟ ਝਲ ਕੇ ਈ ਦੂਜੇ ਦਾ ਭਲਾ ਹੁੰਦਾ। ਨਾਲੇ ਮੈਨੂੰ ਨਹੀਂ ਸੀ ਪਤਾ ਆਹ ਨੌਬਤ ਆ ਜਾਊਗੀ।

ਭੁੱਲੀ : (ਬਾਹਰ ਵਲ ਵੇਖ ਕੇ) ਸਿੰਨੀ ਵੀ ਨਾ ਕੁਛ ਲੈ ਕੇ ਆਊਗੀ।

ਤੁੱਲਾ : ਅੱਗੇ ਤਾਂ ਕਦੋਂ ਦੀ ਮੁੜ ਔਂਦੀ ਸੀ।

ਭੁੱਲੀ : ਕਾਗਜ਼ਾਂ ਨਾਲ ਬੇੜਾ ਭਰਨਾ ਕੇਹੜਾ ਸੌਖਾ, ਬਥੇਰੀਆਂ ਫਿਰਦੀਆਂ ਹਰਲ-ਹਰਲ ਕਰਦੀਆਂ।

ਤੁੱਲਾ : ਅੱਜ ਕਲ੍ਹ ਟੱਬਰ ਪਾਲਣਾ ਬਾਹਲਾ ਔਖਾ।

ਭੁੱਲੀ : ਰੱਬ ਦੀ ਸਾਡੇ 'ਤੇ ਕਰੋਪੀ ਆ।

ਤੁੱਲਾ : ਰੱਬ ਨੂੰ ਕਿਉਂ ਕੋਸਦੀ ਐਂ। ਤੂੰ ਨਿਆਣੇ ਜੰਮ ਜੰਮ ਢੇਰ ਲਾ ਦਿੱਤੇ। ਪੂਰੇ ਛੇ, ਅੱਧੀ ਦਰਜਨ। ਛੋਟਾ ਹਲਵਾਈ ਦੇ ਫਾਹੇ ਦਿੱਤਾ ਹੋਇਆ। ਦੋ ਨਾਨਕੀਂ ਰੁਲਦੇ ਆ।

ਭੁੱਲੀ : ਸਾਰਾ ਤੇਰਾ ਕਸੂਰ ਐ।

ਤੁੱਲਾ : ਵਾਹ! ਮੇਰਾ ਕਿੱਦਾਂ?

ਭੁੱਲੀ : ਤੂੰ ਹਰ ਵਕਤ ਮਗਰ ਲੱਗਾ ਰਹਿੰਦਾ ਸੀ। (ਇਸ਼ਾਰੇ ਨਾਲ) ਚੁੱਪ! ਕੁੜੀ ਆ ਗਈ। (ਆਸ ਨਾਲ ਦੋਵੇਂ ਪਲ ਭਰ ਲਈ ਖਿੜ ਜਾਂਦੇ ਹਨ।)

ਤੁੱਲਾ : ਸਿੰਨੀ, ਐਧਰ ਆ ਪੁੱਤ।
ਭੁੱਲੀ : ਹੈਂ! ਇਹ ਤਾਂ ਬੁਸ-ਬੁਸ ਕਰਦੀ ਆ ਰਹੀ ਆ।
ਤੁੱਲਾ : ਹੈਂ! ਰੋਂਦੀ ਦੀਆਂ ਅੱਖਾਂ ਸੁੱਜੀਆਂ ਹੋਈਆਂ।
ਭੁੱਲੀ : ਨੀ, ਕਿਆ ਹੋਇਆ? ਕਿਸੇ ਨੇ ਛੇੜਿਆ ਤੈਨੂੰ?
ਤੁੱਲਾ : ਕੁੜੀਏ, ਸੱਚ ਦੱਸ ਕਿਆ ਹੋਇਆ?
ਸਿੰਨੀ : ਕੁਆੜੀਆ ਕੁੱਲ ਢਾਈ ਰੁਪਏ ਦਿੰਦਾ ਸੀ।
ਭੁੱਲੀ : ਹੈਂ! ਕੁੱਲ ਢਾਈ? ਲਿਆ ਫੜਾ।
ਸਿੰਨੀ : ਮੈਂ ਉਹਦੇ ਮੱਥੇ ਮਾਰ ਆਈ ਆਂ।
ਦੋਵੇਂ : ਹੈਂ ਹੈਂ! ਕਿਉਂ?
ਸਿੰਨੀ : ਕਹਿੰਦਾ ਕਾਗ਼ਜ਼ ਸਲਾਭੇ ਹੋਏ ਆ।
ਤੁੱਲਾ : ਜ਼ਰੂਰ ਸਾਲੇ ਨੇ ਕੁਛ ਕਿਹਾ ਸਿੰਨੀ ਨੂੰ।
ਭੁੱਲੀ : ਦੱਸਦੀ ਕਿਉਂ ਨਹੀਂ, ਕਿਆ ਹੋਇਆ?
ਸਿੰਨੀ : ਮੇਰਾ ਹੱਥ ਫੜ ਲਿਆ।
ਤੁੱਲਾ : (ਗੁੱਸੇ ਨਾਲ ਲਾਲ ਪੀਲਾ ਹੁੰਦਾ ਹੋਇਆ) ਹੈਂ ਉਹਦੀ ਇਹ ਮਜਾਲ?
ਸਿੰਨੀ : ਕਹਿੰਦਾ, ਦਸ ਰੁਪਏ ਦਿਆਂਗਾ ਅੰਦਰ ਚੱਲ।
ਤੁੱਲਾ : ਹੱਤ ਤੇਰੀ ਮਾਂ ਦੀ ਐਸੀ ਤੈਸੀ। ਚਲ ਉਠ ਮੇਰੇ ਨਾਲ। ਮੈਂ ਉਹਦਾ ਲਹੂ ਪੀ ਕੇ ਛੱਡੂੰ।
ਭੁੱਲੀ : ਬਹਿਜਾ ਚੁੱਪ ਕਰ ਕੇ। ਗਰੀਬਾਂ ਦੀ ਇੱਜ਼ਤ ਅੱਜ ਕਲ੍ਹ ਕੌਡਾਂ ਦੇ ਭਾਅ ਬਿਕਦੀ ਆ।
ਤੁੱਲਾ : ਕੁੜੀਏ, ਉਠ ਮੈਂ ਉਹਦਾ ਸਿਰ ਫੇਹ ਕੇ ਦਮ ਲੈਣਾ।
ਭੁੱਲੀ : ਤੂੰ ਤਾਂ ਫਾਹੇ ਲਗ ਜਾਏਂਗਾ, ਪਿੱਛੋਂ ਟੱਬਰ ਦਾ ਕਿਆ ਬਣੂੰ, ਇਹ ਵੀ ਤਾਂ ਸੋਚ।
ਤੁੱਲਾ : (ਮੱਥੇ 'ਤੇ ਹੱਥ ਮਾਰ ਕੇ) ਗਰੀਬ ਦੇ ਜੀਣ ਦਾ ਕੋਈ ਧਰਮ ਨਹੀਂ ਰਿਹਾ।
ਭੁੱਲੀ : ਹੁਣ ਕਿਉਂ ਭੁੜਕਦਾਂ, ਤੂੰ ਕੁਛ ਕਰਨ ਜੋਗਾ ਹੁੰਦਾ ਤਾਂ ਕੁੜੀ ਦੀ ਬੇਇੱਜ਼ਤੀ ਨਾ ਹੁੰਦੀ। ਨਿਥਾਮੀ ਲੜਕੀ ਨੂੰ ਤਾਂ ਜਣਾ-ਖਣਾ ਹੱਥ ਪੌਣ ਨੂੰ ਫਿਰਦਾ। ਤੂੰ ਕਿਹਦਾ ਕਿਹਦਾ ਸਿਰ ਪਾੜੇਂਗਾ। (ਇਕ ਤਾਰੇ ਦੀ ਦਰਦ ਭਰੀ ਧੁਨ ਸੁਣਾਈ ਦਿੰਦੀ ਹੈ। ਦੋਵੇਂ ਸੁੰਨ ਜਿਹੇ ਹੋ ਜਾਂਦੇ ਹਨ।)
ਤੁੱਲਾ : ਨੱਥੂ ਅਜੇ ਘਰ ਈ ਆ। ਜਾਹ ਉਹਦੇ ਕੋਲੋਂ ਦਸ ਰੁਪਏ ਫੜ ਲਿਆ।



ਭੁੱਲੀ : ਮੈਂ ਨੀ ਜਾਂਦੀ। ਉਹਦੀ ਜਨਾਨੀ ਮਿਹਣੇ ਮਾਰਦੀ ਆ। ਕਹਿੰਦੀ ਆ ਰੋਜ਼ ਮੂੰਹ ਚਕ ਕੇ ਮੰਗਣ ਆ ਜਾਂਦੀ ਆ।
ਤੁੱਲਾ : ਫੇਰ ਹੁਣ ਕਿਆ ਕਰੀਏ?
ਭੁੱਲੀ : ਮੁੰਨੀ ਨੂੰ ਭੇਜਦੀ ਆਂ। ਅੱਠ ਰੁਪਿਆਂ ਦੇ ਭੁੱਜੇ ਦਾਣੇ ਲੈ ਆਵੇ।
ਤੁੱਲਾ : ਭੱਠੀ ਤੋਂ ਲਿਆਵੇ, ਜ਼ਰਾ ਸਸਤੇ ਮਿਲ ਜਾਣਗੇ। ਫੱਕਾ ਫੱਕਾ ਮੂੰਹ 'ਚ ਪਾ ਕੇ ਪਾਣੀ ਪੀ ਕੇ ਸੌਂ ਜਾਮਾਂਗੇ।
ਭੁੱਲੀ : ਕਿਆ ਨੀਂਦ ਆ ਜਾਊ। ਨਾਲੇ ਭਲਕੇ ਕਿਆ ਕਰਾਂਗੇ।
ਤੁੱਲਾ : ਬੜਾ ਮੁੰਡਾ ਚੌੜ ਨਾ ਨਿਕਲਦਾ ਤਾਂ ਆਹ ਦਿਨ ਨਾ ਦੇਖਣੇ ਪੈਂਦੇ।
ਭੁੱਲੀ : ਤੇਰੀ ਸਖਤੀ ਨੇ ਉਹਨੂੰ ਘਰੋਂ ਕੱਢਿਆ।
ਤੁੱਲਾ : ਤੇਰੇ ਲਾਡਾਂ ਨੇ ਉਹਦਾ ਦਮਾਕ ਖਰਾਬ ਕੀਤਾ।
ਭੁੱਲੀ : ਤੇਰੀ ਦਿਨ ਰਾਤ ਦੀ ਘੂਰ ਦਬਕ ਨੇ।
ਤੁੱਲਾ : ਭੋਲੀਏ, ਮੁੰਡਾ ਤੇ ਰੰਬਾ ਚੰਡਿਆ ਸੂਤ ਰਹਿੰਦਾ।
ਭੁੱਲੀ : ਝੂਠ ਐ, ਉਹ ਜਮਾਨਾ ਲੱਥ ਗਿਆ। ਅੱਜ ਮੁੰਡੇ ਪਿਆਰ ਪੁਚਕਾਰ ਕੇ ਰਖਣੇ ਪੈਂਦੇ ਆ।
(ਉਠ ਕੇ ਮੁੰਨੀ ਨੂੰ ਕੁਝ ਸਮਝਾਉਂਦੀ ਹੈ। ਅੱਠ ਰੁਪਏ ਉਸ ਦੇ ਹੱਥ ਫੜਾਉਂਦੀ ਹੈ।) ਜਾਹ ਛੇਤੀ।
ਤੁੱਲਾ : ਅੱਗੇ ਪਿੰਡ ਦੇ ਹਰੀਜਨਾਂ ਦੇ ਬੱਚੇ, ਕਿਸਾਨਾਂ ਦੀ ਲੱਸੀ 'ਤੇ ਪਲ ਜਾਂਦੇ ਸਨ।
ਭੁੱਲੀ : ਹੁਣ ਤਾਂ ਲੱਸੀ ਉਨ੍ਹਾਂ ਦੇ ਆਪਣੇ ਘਰਾਂ 'ਚ ਨਹੀਂ ਹੁੰਦੀ।
ਤੁੱਲਾ : ਹੋਵੇ ਕਿੱਦਾਂ। ਦੁੱਧ ਤਾਂ ਸਾਰਾ ਡਿਪੂਆਂ ਆਲੇ ਢੋ ਲੈਂਦੇ ਆਂ।
(ਪਿੰਡ ਦਾ ਇਕ ਅਧਖੜ ਬੰਦਾ ਆਉਂਦਾ ਹੈ।)
ਕਾਬਲ : ਤੁਲਿਆ, ਬੜਾ ਨਿੰਮੋਝੂਣ ਹੋਇਆ ਬੈਠਾਂ। ਸੁਖ ਤਾਂ ਹੈ। ਤੈਨੂੰ ਕੁਝ ਬਾਹਰ ਦੀ ਵੀ ਖਬਰ ਸਾਰ ਹੈ?
ਤੁੱਲਾ : ਕਿਉਂ, ਕੋਈ ਭਾਣਾ ਵਰਤ ਗਿਆ?
ਕਾਬਲ : ਉਹ ਪਤੰਦਰ ਆ ਗਏ।
ਤੁੱਲਾ : ਕੌਣ ਆ ਗਏ?
ਕਾਬਲ : ਸਰਕਾਰੀ ਆਦਮੀ। ਨਵਾਂ ਚੰਡੀਗੜ੍ਹ ਵਸਾਉਣ ਲਈ ਸਾਨੂੰ ਪਿੰਡੋਂ ਉਜਾੜਨ ਵਾਲੇ। ਤੈਨੂੰ ਨੋਟਸ ਨਹੀਂ ਸੀ ਮਿਲਿਆ?
ਤੁੱਲਾ : ਮਿਲਿਆ ਤਾਂ ਸੀ। ਫੇਰ ਵੀ ਕੌਣ ਕੌਣ ਆਏ ਐ?
ਕਾਬਲ : ਇਕ ਸਰਕਾਰੀ ਅਫਸਰ ਏ। ਨਾਲ ਠਾਣੇਦਾਰ, ਸਰਪੰਚ ਤੇ ਸਿਪਾਹੀ ਨੇ।

ਤੁੱਲਾ : ਫੇਰ ਸਰਕਾਰ ਸਾਹਮਣੇ ਸਾਡਾ ਕਿਆ ਚਾਰਾ।
ਕਾਬਲ : ਸਾਰਾ ਪਿੰਡ ਕੱਠਾ ਹੋਇਆ ਬੈਠਾ ਦਰਵਾਜੇ। ਮੈਂ ਤੈਨੂੰ ਲੈਣ ਆਇਆਂ।
ਤੁੱਲਾ : ਕਾਬਲ ਸਿਆਂ, ਮੈਂ ਨੀ ਜਾਣਾ।
ਕਾਬਲ : ਹੈ ਪਾਗਲ, ਕਿਉਂ?
ਤੁੱਲਾ : ਅੱਗੇ ਪੁਲਸ ਮੇਰੇ ਪੇਸ਼ ਪਈ ਹੋਈ ਆ। ਨਾਲੇ ਮੇਰਾ ਕਿਹੜਾ ਮੁਰੱਬਾ ਖੁੱਸਣ ਲੱਗਾ।
ਕਾਬਲ : ਆਹ ਘਰ ਕੁੱਲਾ ਵੀ ਤੈਨੂੰ ਖਾਲੀ ਕਰਨਾ ਪੈਣਾ।
ਤੁੱਲਾ : ਕਿਉਂ ਨਾਦਰਸ਼ਾਹੀ ਲੁੱਟ ਮਚੀ ਹੋਈ ਆ?
ਕਾਬਲ : ਤੁਲਿਆ, ਏਕੇ 'ਚ ਬੜੀ ਤਾਕਤ ਹੁੰਦੀ ਏ। ਕਠ ਵਿਚ ਹੀ ਸਾਡਾ ਬਚਾ ਹੋ ਸਕਦਾ। ਉਹ ਤਾਂ ਅੱਗੇ ਹੀ ਸਾਨੂੰ ਪਾੜ ਕੇ ਰਖਣਾ ਚਾਹੁੰਦੇ ਨੇ। ਜੇ ਕੱਲਾ ਕਾਰਾ ਲੜੇਂਗਾ ਅਗਲਿਆਂ ਕਾਲੇ ਕਾਨੂੰਨ ਅੰਦਰ ਡਕ ਦੇਣਾ, ਨਾ ਦਾਦ ਨਾ ਫਰਿਆਦ।
ਭੁੱਲੀ : ਕਰ ਲੈਣ ਸਾਰੇ ਟੱਬਰ ਨੂੰ ਕੈਦ। ਉਥੇ ਮਾੜੀ ਚੰਗੀ ਰੋਟੀ ਤਾਂ ਮਿਲੂ।
ਕਾਬਲ : ਤੁੱਲਿਆ, ਸਾਰੇ ਤੈਨੂੰ ਯਾਦ ਕਰਦੇ ਨੇ। ਕੋੜ੍ਹੀਆ ਕੀ ਹੋ ਗਿਆ ਤੈਨੂੰ, ਕਿੰਨਾ ਰੌਣਕੀ ਬੰਦਾ ਹੁੰਦਾ ਸੀ ਤੂੰ!
ਤੁੱਲਾ : ਕਾਬਲ ਸਿਆਂ, ਗਰੀਬੀ ਨੇ ਮਚ ਮਾਰਤਾ, ਹੱਡਾਂ ਦਾ ਬਾਲਣ ਬਣ ਗਿਆ। ਤੂੰ ਸੁਣਿਆ ਨਹੀਂ: ਭੁੱਖ ਲਤਾੜੇ ਆਦਮੀ ਬਰਫ ਲਤਾੜੇ ਰੁੱਖ।
ਕਾਬਲ : ਤੁੱਲਿਆ, ਹਿੰਮਤ ਨਾ ਹਾਰ। ਔਖੇ ਦਿਨ ਲੰਘ ਗਏ ਨੇ। ਨਾਲੇ ਉਹ ਸੰਤਾਪ ਸਾਰੇ ਪੰਜਾਬ ਨੇ ਭੋਗਿਆ ਤੂੰ ਕੱਲੇ ਨੇ ਨਹੀਂ।
ਤੁੱਲਾ : ਪਰ ਕਾਮੇ ਮਜ਼ਦੂਰਾਂ ਦਾ ਤਾਂ ਕਚੂਮਰ ਨਿਕਲ ਗਿਆ। ਤੁਹਾਡੇ ਤਾਂ ਘਰ ਦੇ ਦਾਣੇ ਫੱਕੇ ਸਨ ਤਾਂ ਤਗ ਗਏ ਓ।
ਕਾਬਲ : (ਤੁਰਨ ਲੱਗਾ ਮੁੜ ਕੇ) ਤੈਨੂੰ ਦੱਸਣਾ ਭੁੱਲ ਈ ਚਲਿਆ ਸੀ। ਪਿੰਡ 'ਚ ਤੇਰਾ ਮੁੰਡਾ ਕਰਮਾ ਆਇਆ ਹੋਇਆ।
ਤੁੱਲਾ : (ਬੇਹਦ ਘਬਰਾਹਟ ਵਿਚ) ਹੈਂ! ਹੈਂ!! ਕੌਣ ਕਹਿੰਦਾ?
ਭੁੱਲੀ : ਹਾਏ ਮੈਨੂੰ! ਉਹ ਕਿੱਥੋਂ ਆਣ ਟਪਕਿਆ ਮੌਤ ਦੇ ਮੂੰਹ!!
ਤੁੱਲਾ : ਪੁਲਸ ਤਾਂ ਉਹਦੇ ਖੂਨ ਦੀ ਪਿਆਸੀ, ਲੱਭਦੀ ਫਿਰਦੀ ਆ।
ਕਾਬਲ : ਲੀਡਰ ਬਣ ਗਿਆ ਤੇਰਾ ਮੁੰਡਾ। ਬੜੀਆਂ ਸਿਆਣੀਆਂ ਗੱਲਾਂ ਕਰਦਾ।
ਭੁੱਲੀ : (ਫਿਕਰ ਨਾਲ) ਜ਼ਰੂਰ ਕਿਸੇ ਦੀ ਚੁੱਕ 'ਚ ਆਇਆ ਹੋਇਆ।
ਤੁੱਲਾ : ਮਿਲ ਲਏ ਸਹੀ, ਮੈਂ ਉਹਦੀ ਖਬਰ ਲੈਂਦਾਂ। ਵਿਹਲੜ, ਨਕੰਮਾ ਘਰ ਦੀ ਖਬਰ ਸਾਰ ਨਹੀਂ, ਲੋਕਾਂ ਪਿੱਛੇ ਪੂਛ ਚੁੱਕੀ ਫਿਰਦਾ।



ਕਾਬਲ : ਤੁੱਲਿਆ, ਜ਼ਿੱਦ ਨਾ ਕਰ, ਉਠ ਚਲ ਮੇਰੇ ਨਾਲ। ਕੱਠ ਤੋਂ ਬਾਹਰ ਰਹਿ ਕੇ ਖਤਾ ਖਾਏਂਗਾ।
ਤੁੱਲਾ : (ਟਾਲਣ ਲਈ) ਕਾਬਲ ਸਿਆਂ, ਤੂੰ ਚੱਲ ਮੈਂ ਆਇਆ ਸਮਝ ਤੇਰੇ ਮਗਰ। ਮੂੰਹ 'ਚ ਭੋਰਾ ਟੁੱਕਰ ਪਾ ਲਵਾਂ। ਸਵੇਰ ਦਾ ਭੁੱਖਣ-ਭਾਣਾ ਬੈਠਾ।
ਕਾਬਲ : (ਜਾਂਦਾ ਹੋਇਆ) ਛੇਤੀ ਆ ਜਾਈਂ। (ਇਕ ਤਾਰੇ ਦੀ ਆਵਾਜ਼ ਸੁਣਾਈ ਦਿੰਦੀ ਹੈ।)
ਭੁੱਲੀ : ਇਹ ਸਾਰਾ ਦਿਨ ਇਕ ਤਾਰਾ ਬਜੌਂਦਾ ਰਹਿੰਦਾ।
ਤੁੱਲਾ : ਆਪਣੇ ਮੁੰਡੇ ਨੂੰ ਸਖੌਂਦਾ ਕਸਬ। ਦੇਖ ਲਾ ਭੁੱਖਾ ਮਰਦਾ ਆਇਆ ਸੀ ਸਾਡੇ ਗੁਆਂਢ। ਦੁਆਨੀ-ਚੁਆਨੀ ਨੂੰ ਵੇਚਦਾ ਹੁੰਦਾ ਸੀ ਇਕ ਤਾਰਾ।
ਭੁੱਲੀ : ਹੁਣ ਕਿਆ ਲੈਂਦਾ?
ਤੁੱਲਾ : ਹੁਣ ਵੇਚਦਾ ਪੰਜ ਤੇ ਦਸ ਰੁਪਏ ਦਾ।
ਭੁੱਲੀ : ਹੈਂ! ਸੱਚ!!
ਤੁੱਲਾ : ਹੋਰ ਝੂਠ! ਪੁੱਛ ਲਈਂ।
ਭੁੱਲੀ : ਮੈਂ ਵੀ ਕਹਾਂ ਇਹਦੀ ਜਨਾਨੀ ਦਾ ਡਮਾਕ ਕਿਉਂ ਸਮਾਨੇ ਚੜ੍ਹ ਗਿਆ। ਸਿੱਧੇ ਮੂੰਹ ਗੱਲ ਈ ਨਹੀਂ ਕਰਦੀ।
ਤੁੱਲਾ : ਮੌਜ ਲੱਗੀ ਹੋਈ ਆ। ਬਾਂਸ ਜੰਗਲ 'ਚੋਂ ਕੱਟ ਲਿਆਉਂਦਾ। ਤਾਰ ਕਾਗਤ ਸ਼ਹਿਰੋਂ ਖਰੀਦ ਲੈਂਦਾ। ਮਟੀਆਂ ਸਾਥੋਂ ਸਸਤੇ ਭਾਅ ਲੈ ਲੈਂਦਾ, ਬਸ ਸਾਰਾ ਟੱਬਰ ਲੱਗਾ ਰਹਿੰਦਾ ਸਿਰ ਸੁੱਟ ਕੇ।
ਭੁੱਲੀ : ਤੂੰ ਵੀ ਮਟੀਆਂ ਦਾ ਭਾ ਵਧਾ ਦੇਹ।
ਤੁੱਲਾ : ਭੋਲੀਏ, ਕਿਸੇ ਹੋਰ ਘੁਮਾਰ ਕੋਲ ਚਲਾ ਜਾਊ। ਆਪਣੀ ਧਿਰ ਬਣਿਆ ਹੋਇਆ।
ਭੁੱਲੀ : ਗੱਲ ਤਾਂ ਤੇਰੀ ਠੀਕ ਐ। ਅੜਦੇ ਥੁੜਦੇ ਨੂੰ ਇਹੋ ਬਹੁੜਦਾ।
ਤੁੱਲਾ : ਗਰੀਬ ਹੀ ਗਰੀਬ ਦੀ ਮਦਦ ਕਰਦਾ। ਮੋਟੇ ਢਿੱਡਾਂ ਵਾਲੇ ਤਾਂ ਸਾਡੇ ਕੰਨੀ ਝਾਕਦੇ ਵੀ ਨਹੀਂ।
ਭੁੱਲੀ : ਹੂੰ! ਹੁਣ ਪਤਾ ਲੱਗਾ ਏਹਦੀ ਜਨਾਨੀ ਕਿਉਂ ਸੂਫ ਦਾ ਘੱਗਰਾ ਪਾਈ ਫਿਰਦੀ ਐ।
ਤੁੱਲਾ : ਸਾਰਾ ਟੱਬਰ ਮੇਹਨਤ ਮਜੂਰੀ ਕਰਦਾ।
ਭੁੱਲੀ : ਸਾਥੋਂ ਵੱਧ ਤਾਂ ਨਹੀਂ ਕੋਈ ਭਖੜੇ ਭਨਾਉਂਦਾ। ਮਿੱਟੀ ਦਾ ਧੰਦਾ ਈ ਮਾੜਾ।

ਤੁੱਲਾ : ਮੂਰਖੇ, ਮਿੱਟੀ ਨੂੰ ਕਿਉਂ ਨਿੰਦਣੀ ਐਂ। ਮਿੱਟੀ ਬੜੀ ਸ਼ੈ ਹੈ। ਬਾਬਾ ਫਰੀਦ ਪਤਾ ਕਿਆ ਕਹਿੰਦਾ।

ਭੁੱਲੀ : ਮੈਨੂੰ ਕਿਆ ਪਤਾ।

ਤੁੱਲਾ : ਫਰੀਦਾ ਖਾਕ ਨਾ ਨਿੰਦੀਐ
ਖਾਕੂ ਜੇਡ ਨਾ ਕੋਇ।
ਜੀਵਦਿਆਂ ਦੇ ਪੈਰਾਂ ਤਲੇ
ਮੋਇਆ ਉਪਰ ਹੋਇ।

ਭੁੱਲੀ : ਨਿੰਦੀਏ ਕਿਉਂ ਨਾ ਜਦ ਇਹ ਸਾਨੂੰ ਰੋਟੀ ਨਹੀਂ ਦਿੰਦੀ।

ਤੁੱਲਾ : ਓਸ ਘੁਮਾਰ ਨੂੰ ਨਿੰਦ, ਜਿਹਨੇ ਸਾਨੂੰ ਇਸ ਜੂਨੇ ਪਾਇਆ।

ਕਰਮਾ : (ਅਚਾਨਕ ਦਾਖਲ ਹੋ ਕੇ) ਬਾਪੂ, ਤੁਹਾਡੀ ਦੁਰਦਸ਼ਾ ਦਾ ਕਾਰਨ ਰੱਬ ਨਹੀਂ ਸਰਕਾਰ ਹੈ।

ਭੁੱਲੀ : (ਅਤਿ ਹੈਰਾਨੀ ਤੇ ਫਿਕਰ ਵਿਚ) ਵੇ ਪੁੱਤਾ, ਮੈਂ ਮਰਜ਼ਾਂ! ਤੂੰ ਸਚਮੁੱਚ ਆ ਗਿਐਂ।

ਤੁੱਲਾ : ਦੌੜ ਜਾਹ ਝਟਪਟ। ਪੁਲਸ ਬੁਰੀ ਤਰ੍ਹਾਂ ਤੇਰੇ ਮਗਰ ਲੱਗੀ ਹੋਈ ਆ। ਰੋਜ ਪੁੱਛ ਪੜਤਾਲ ਕਰਨ ਆਉਂਦੀ ਆ।

ਭੁੱਲੀ : ਦੋ ਬਾਰ ਠਾਣੇ ਲਿਜਾ ਕੇ ਇਹਦੇ ਹੱਡ ਫੇਂਹ ਚੁੱਕੇ ਆ।

ਤੁੱਲਾ : (ਪਿੱਛੋਂ ਝੱਗਾ ਚੁੱਕ ਕੇ) ਆਹ ਦੇਖ ਮੇਰੀ ਪਿੱਠ। ਕਿੱਦਾਂ ਲਾਸਾਂ ਉਭਰੀਆਂ ਹੋਈਆਂ।

ਕਰਮਾ : ਬਾਪੂ, ਤਾਂ ਹੀ ਮੈਂ ਪ੍ਰਗਟ ਹੋਇਆਂ।

ਤੁੱਲਾ : ਤੂੰ ਪਿੱਛੋਂ ਦੀ ਦਫਾ ਹੋ। ਜੇ ਉਨ੍ਹਾਂ ਨੇ ਦੇਖ ਲਿਆ ਮੇਰੀ ਬੁਰੀ ਬਾਬ ਕਰਨਗੇ। ਮੈਂ ਲਿਖਤੀ ਬਿਆਨ ਦੇ ਚੁੱਕਾਂ।

ਕਰਮਾ: ਕੀ ਲਿਖ ਕੇ ਦਿੱਤਾ?

ਤੁੱਲਾ : ਭਈ ਕਰਮੇ ਦਾ ਸਾਨੂੰ ਕੁਛ ਪਤਾ ਨਹੀਂ। ਕਈ ਮਹੀਨਿਆਂ ਤੋਂ ਘਰ ਨਹੀਂ ਆਇਆ।

ਭੁੱਲੀ : ਵੇ ਮੁੰਡਿਆ, ਤੂੰ ਅੰਦਰ ਲੁਕ ਜਾ, ਦਾਦਣੇ ਕਿਤੇ ਆ ਨਾ ਜਾਣ।

ਤੁੱਲਾ : ਨਾ ਨਾ ਅੰਦਰ ਨਹੀਂ ਲੁਕਣਾ। ਘਰ ਦੀ ਉਹ ਪੂਰੀ ਤਲਾਸ਼ੀ ਲੈ ਕੇ ਜਾਂਦੇ ਐ। ਸਭ ਖਲ ਖੂੰਜੇ ਪੜਤਾਲਦੇ ਐ।

ਕਰਮਾ : ਫਿਕਰ ਨਾ ਕਰੋ। ਉਹ ਸਰਪੰਚ ਦੇ ਘਰ ਬੈਠੇ ਸ਼ਰਾਬਾਂ ਪੀਂਦੇ ਮੁਰਗੇ ਉੜਾ ਰਹੇ ਨੇ।

ਤੁੱਲਾ : ਉਨ੍ਹਾਂ ਦੇ ਸੂਹੀਏ ਚੱਪੇ ਚੱਪੇ ਤੇ ਫਿਰਦੇ ਆ।

ਕਰਮਾ : ਬਾਪੂ, ਡਰ ਡਰ ਕੇ ਜੀਣ ਨਾਲੋਂ ਇਕੋ ਵਾਰ ਭੜਕ ਦੇ ਮਰਨਾ ਕਿਤੇ



ਚੰਗਾ। ਦੂਜਿਆਂ ਨੂੰ ਰੌਸ਼ਨੀ ਤਾਂ ਮਿਲਦੀ ਏ। ਸ਼ਹੀਦ ਭਗਤ ਸਿੰਘ ਦੀ ਮਿਸਾਲ ਯਾਦ ਕਰ ਲਓ। ਨੌਜਵਾਨਾਂ ਨੂੰ ਜਗਾਣ ਲਈ ਹੱਸ ਹੱਸ ਕੇ ਫਾਂਸੀ ਦਾ ਰੱਸਾ ਚੁੰਮਿਆ ਸੀ। ਬਾਪੂ, ਖੂਨ ਡੁਲ੍ਹੇ ਬਿਨਾਂ ਕਦੇ ਕੁਝ ਪ੍ਰਾਪਤ ਨਹੀਂ ਹੋਇਆ। ਹਜ਼ਾਰਾਂ ਸ਼ਹੀਦਾਂ ਦੇ ਖੂਨ ਕਰ ਕੇ ਹੀ ਅੱਜ ਸਿੱਖੀ ਪ੍ਰਫੁੱਲਤ ਹੈ।

ਭੁੱਲੀ : ਪੁੱਤਾ, ਕਿਉਂ ਅਣਹੋਣੀਆਂ ਗੱਲਾ ਕਰਦਾਂ।

ਤੁੱਲਾ : ਓਏ ਮੁੰਡਿਆ, ਉਹ ਤਾਂ ਤੈਨੂੰ ਖਤਰਨਾਕ ਅਤਵਾਦੀ ਬਣਾਈ ਬੈਠੇ ਆ।

ਕਰਮਾ : ਬਾਪੂ, ਫਰੰਗੀ ਵੀ ਤਾਂ ਦੇਸ਼ ਭਗਤਾਂ ਨੂੰ ਖਤਰਨਾਕ ਗ਼ਦਾਰ ਕਹਿੰਦੇ ਹੁੰਦੇ ਸਨ। ਸੁਣ, ਬਾਬੇ ਨਾਨਕ ਨਾਲੋਂ ਵੱਡਾ ਬਾਗੀ ਇਨਕਲਾਬੀ, ਕੋਈ ਨਹੀਂ ਹੋਇਆ। ਬਾਬੇ ਨੇ ਜ਼ਾਲਮ ਹਕੂਮਤ ਖਿਲਾਫ ਉਦੋਂ ਆਵਾਜ਼ ਉਠਾਈ ਜਦੋਂ ਕੋਈ ਚੂੰ ਤਕ ਨਹੀਂ ਸੀ ਕਰ ਸਕਦਾ। ਮੁਹੰਮਦ ਇਕਬਾਲ ਦੇ ਕਹਿਣ ਅਨੁਸਾਰ ਬਾਬੇ ਨੇ ਸੁੱਤਿਆਂ ਹੋਇਆਂ ਭਾਰਤੀਆਂ ਨੂੰ ਝੂਣ ਕੇ ਜਗਾਇਆ। ਮਲਕ ਭਾਗੋ ਦਾ ਹੰਕਾਰ ਤੋੜਿਆ। ਹਰਦਵਾਰ ਦੇ ਪਾਧਿਆਂ ਨੂੰ ਸੱਚਾ ਰਾਹ ਦਰਸਾਇਆ। ਓਸ ਬਿਖੜੇ ਸਮੇਂ ਲੋਕਾਂ ਨੂੰ ਪਿਆਰ ਤੇ ਏਕਤਾ ਦਾ ਸਬਕ ਸਿਖਾਇਆ।

ਭੁੱਲੀ : ਵੇ ਮੁੰਡਿਆ, ਤੈਨੂੰ ਕਿੱਥੇ ਐਨੀਆਂ ਗੱਲਾਂ ਆ ਗਈਆਂ।

ਕਰਮਾਂ : ਮਾਂ, ਦੇਸ਼ ਦਰਦੀਆਂ ਦੇ ਸੰਗ ਸਾਥ ਤੋਂ।

ਤੁੱਲਾ : ਮੁੰਡਿਆ, ਤੂੰ ਜੋ ਮਰਜੀ ਬਣਿਆ ਫਿਰ ਹਕੂਮਤ ਤੈਨੂੰ ਦਹਿਸ਼ਤਗਰਦ ਸਮਝਦੀ ਐ।

ਕਰਮਾ : ਬਾਪੂ, ਮੈਂ ਤਾਂ ਖਾੜਕੂਆਂ ਦੀ ਪਾਲਿਸੀ ਦੇ ਸਖਤ ਵਿਰੁਧ ਹਾਂ। ਉਨ੍ਹਾਂ ਦੀ ਗਲਤ ਪਾਲਿਸੀ ਨੇ ਪੰਜਾਬ ਦਾ ਘਾਣ ਕਰਵਾ ਦਿੱਤਾ। ਉਹ ਭੁੱਲ ਗਏ ਲੋਕਾਂ ਦੀ ਹਮਾਇਤ ਤੋਂ ਬਿਨਾਂ ਕਦੇ ਕਿਧਰੇ ਇਨਕਲਾਬ ਨਹੀਂ ਆਇਆ।

ਭੁੱਲੀ : ਮੁੰਡਿਆ, ਤੂੰ ਸਭ ਕੁਝ ਭੁੱਲ ਗਿਆਂ। ਕਿੰਨੀ ਤੰਗੀ ਤੁਰਸ਼ੀ ਨਾਲ ਤੈਨੂੰ ਪੜ੍ਹਾਇਆ ਸੀ ਪਈ ਬੜਾ ਹੋ ਕੇ ਸਾਡੀ ਡੰਗੋਰੀ ਬਣੇਂਗਾ।

ਤੁੱਲਾ : ਇਹ ਉਲਟਾ ਪੇ ਦੀ ਖੱਲੜੀ ਲੁਹਾ ਰਿਹਾ।

ਭੁੱਲੀ : ਮਹਿੰਗਾਈ ਨੇ ਵੱਖ ਸਾਡੀ ਮਤ ਮਾਰੀ ਹੋਈ ਆ।

ਤੁੱਲਾ : ਇਹਦਾ ਸਿਰ ਫਿਰ ਗਿਆ, ਇਹਨੂੰ ਸਾਡਾ ਕਿਆ ਦਰਦ।

ਕਰਮਾ : ਬਾਪੂ, ਜੇ ਦਰਦ ਨਾ ਹੁੰਦਾ ਤਾਂ ਖਤਰਾ ਕਿਉਂ ਮੁੱਲ ਲੈਂਦਾ।

ਤੁੱਲਾ : ਤੂੰ ਨਿਜ ਜੰਮਦਾ, ਸਾਡੀ ਆਹ ਹਾਲਤ ਤਾਂ ਨਾ ਹੁੰਦੀ।

ਭੁੱਲੀ : ਮੁੰਡਿਆ, ਅਸੀਂ ਖੌਰੇ ਕਿਹੜੇ ਮਾੜੇ ਕਰਮ ਕੀਤੇ ਜੋ ਕੁਦਰਤ ਸਾਡੇ ਨਾਲ ਰੁਸੀ ਹੋਈ ਆ।

ਕਰਮਾ : ਮਾਂ, ਕੁਦਰਤ ਨੂੰ ਨਾ ਭੰਡ, ਉਹਦੇ ਘਰ ਕੋਈ ਕਾਣੀ ਵੰਡ ਨਹੀਂ, ਇਹ ਵੰਡਾਂ ਹਕੂਮਤ ਵਲੋਂ ਪਾਈਆਂ ਹੋਈਆਂ। ਧੁਪ ਝੁੱਗੀਆਂ ਤੇ ਮਹੱਲਾਂ 'ਚ ਇਕੋ ਜਿਹੀ ਲਗਦੀ ਹੈ।

ਤੁੱਲਾ : ਮੁੰਡਿਆ, ਤੂੰ ਚੌੜ ਨਾ ਨਿਕਲਦਾ ਤਾਂ ਸਾਡਾ ਬੁੜਾਪਾ ਨਾ ਰੁਲਦਾ।

ਕਰਮਾ : ਬਾਪੂ, ਤੂੰ ਸਾਰਾ ਭਾਂਡਾ ਮੇਰੇ ਸਿਰ ਭੰਨ ਦਿੱਤਾ। ਹੁਣ ਦੋ ਮਿੰਟ ਮੇਰੀ ਗੱਲ ਸੁਣ ਲਾ।

ਭੁੱਲੀ : ਚਲ ਸੁਣ ਲਾ, ਮੁੰਡਾ ਕਿਆ ਕਹਿੰਦਾ।

ਤੁੱਲਾ : ਛੇਤੀ ਬੋਲ ਤੇ ਖਿਸਕਦਾ ਹੋ।

ਕਰਮਾ : ਬਾਪੂ, ਢੇਰੀ-ਢਾਹ ਕੇ ਨਾ ਬੈਠ। ਜਿਹੜਾ ਕਿੱਤਾ ਰੋਜ਼ੀ-ਰੋਟੀ ਨਾ ਦੇਵੇ ਉਹਨੂੰ ਬਦਲਣਾ ਚਾਹੀਦਾ ਜਾਂ ਫਿਰ ਉਹਦੇ ਵਿਚ–

ਤੁੱਲਾ : ਆਹ ਸੁਣ ਲਾ ਕਿਆ ਕਹਿੰਦਾ ਤੇਰਾ ਨੀਗਰ ਚੰਦ। ਓਏ ਅਹਿਮਕਾ, ਪੇ-ਦਾਦੇ ਦਾ ਕਿੱਤਾ ਕਿੱਦਾਂ ਛੱਡ ਦੇਈਏ। ਹਜ਼ਾਰਾਂ ਸਾਲਾਂ ਤੋਂ ਅਸੀਂ ਲੋਕ ਇਹ ਕਸਬ ਕਰਦੇ ਆ ਰਹੇ ਹਾਂ।

ਕਰਮਾ : ਬਾਪੂ, ਮੇਰੀ ਪੂਰੀ ਗੱਲ ਤਾਂ ਸੁਣ ਲਾ। ਮੈਂ ਇਹ ਨਹੀਂ ਕਹਿੰਦਾਂ ਇਹ ਕਿੱਤਾ ਅਸਲੋਂ ਛੱਡ ਦਿਓ। ਮੈਂ ਕਹਿੰਦਾ ਇਹਦੇ ਵਿਚ ਸੁਧਾਰ ਕਰੋ, ਵਾਧਾ ਕਰੋ।

ਤੁੱਲਾ : ਮੁੰਡਿਆ, ਕਦੇ ਸਮਾਂ ਸੀ ਜਦ ਸਾਡੇ ਹੁਨਰ ਦੀ ਸਾਰੀ ਦੁਨੀਆਂ 'ਚ ਧੁੰਮ ਮੱਚੀ ਹੋਈ ਸੀ।

ਕਰਮਾ : ਬਾਪੂ, ਇਹ ਗਲਤ ਵਿਚਾਰ ਤੈਨੂੰ ਲਈ ਬੈਠਾ। ਕਦੇ ਸੰਘੋਲ ਉਚੇ ਪਿੰਡ ਜਾ ਕੇ ਦੇਖਿਆ ਤੂੰ?

ਤੁੱਲਾ : ਨਹੀਂ।

ਕਰਮਾ : ਹੜੱਪਾ ਕਾਲ ਦੀਆਂ ਲਭਤਾਂ ਇਕ ਅਜਾਇਬ ਘਰ ਵਿਚ ਰੱਖੀਆਂ ਹੋਈਆਂ। ਦੇਖ ਕੇ ਅੱਖਾਂ ਖੁਲ੍ਹਦੀਆਂ। ਹੜੱਪਾ ਕਾਲ ਦੇ ਭਾਂਡੇ ਵਧੇਰੇ ਕਰ ਕੇ ਪੱਕੀ ਮਿੱਟੀ ਦੇ ਹੁੰਦੇ ਸਨ। ਅੱਜ ਨਾਲੋਂ ਕਿਤੇ ਸੋਹਣੇ ਤੇ ਪੁਖਤਾ। ਬਾਪੂ, ਜਿਹੜਾ ਬੰਦਾ ਵਕਤ ਨਾਲ ਨਹੀਂ ਬਦਲਦਾ ਵਕਤ ਉਹਨੂੰ ਲਤਾੜ ਕੇ ਅੱਗੇ ਲੰਘ ਜਾਂਦਾ। ਜ਼ੀਰਕਪੁਰ ਜਾ ਕੇ ਦੇਖ ਆਪਣੇ ਭਰਾਵਾਂ ਦਾ ਕਮਾਲ। ਉਹ ਲੋਕ ਪ੍ਰਾਚੀਨ ਕਾਲ ਵਿਚ ਪੰਜਾਬੋਂ ਦੱਖਣ ਵੱਲ ਚਲੇ ਗਏ ਸਨ। ਉਥੇ ਅਮਨ-ਚੈਨ ਦੇ ਮਹੌਲ 'ਚ ਉਹ ਆਪਣੇ



ਹੁਨਰ ਵਿਚ ਵਾਧਾ ਕਰਦੇ ਰਹੇ। ਲੋਕੀਂ ਕਾਰਾਂ ਖੜ੍ਹੀਆਂ ਕਰ ਕੇ ਉਨ੍ਹਾਂ ਦੀਆਂ ਚੀਜ਼ਾਂ ਖਰੀਦਦੇ ਨੇ। ਚੀਨ-ਕੋਰੀਆ ਦੇ ਭਾਂਡਿਆਂ ਨੂੰ ਮਾਤ ਪਾਉਂਦੇ ਨੇ।

ਤੁੱਲਾ : (ਲਾਜਵਾਬ ਹੁੰਦਾ ਹੋਇਆ) ਫੇਰ ਹੁਣ ਸਾਨੂੰ ਦੱਸ ਕਿਹੜੇ ਖੂਹ ਡੁੱਬੀਏ?

ਕਰਮਾ : ਬਾਪੂ, ਸਜਾਵਟ ਦਾ ਵਧੀਆ ਸਾਮਾਨ ਬਣਾਓ। ਬਾਲਾਂ ਲਈ ਦਿਲਕਸ਼ ਖਿਡਾਉਣੇ। ਤੁਹਾਡੇ ਘੁੱਗੂ ਘੋੜਿਆਂ ਵਲ ਅੱਜ ਕੋਈ ਝਾਕਦਾ ਵੀ ਨਹੀਂ।

ਤੁੱਲਾ : ਫੇਰ ਹੋਰ ਕਿਆ ਬਣਾਈਏ?

ਕਰਮਾ : ਤੁਸੀਂ ਬਣਾਉ ਰੰਗਦਾਰ ਮਿੱਟੀ ਦੇ ਸੀਤਾ-ਰਾਮ, ਰਾਧਾ-ਕ੍ਰਿਸ਼ਨ, ਸ਼ਿਵ-ਪਾਰਵਤੀ। ਪਾਰਵਤੀ-ਸ਼ਿਵ ਜੀ ਮਹਾਰਾਜ ਦੇ ਗਲ ਲਿਪਟੀ ਹੋਵੇ। ਦੇਖ ਫਿਰ ਕਿੱਦਾਂ ਖਰੀਦਦੇ ਆ ਲੋਕੀਂ। ਬਾਪੂ, ਧਰਮ ਦੇ ਨਾਂ 'ਤੇ ਹੀ ਅੱਜ ਕਲ੍ਹ ਠੱਗੀ ਚਲਦੀ ਏ। ਜਾਂ ਫਿਰ ਚਟਕ-ਮਟਕ 'ਤੇ ਲੋਕੀਂ ਮਰਦੇ ਨੇ।

ਤੁੱਲਾ : ਪੈਸੇ ਕਿੱਥੋਂ ਲਿਆਈਏ। ਡੁੱਬੀ ਤਾਂ ਜੇ ਸਾਹ ਨਾ ਆਇਆ।

ਕਰਮਾ : ਮੈਂ ਤੁਹਾਨੂੰ ਕਰਜ਼ਾ ਲੈ ਦਿੰਦਾਂ।

ਤੁੱਲਾ : ਅਸੀਂ ਹੱਕ ਹਲਾਲ ਦੀ ਕਮਾਈ ਕਰਨ ਵਾਲੇ ਕਰਜ਼ਾ ਕਿੱਦਾਂ ਉਤਾਰਾਂਗੇ।

ਕਰਮਾ : ਬਾਪੂ, ਕਿੱਥੇ ਭੁੱਲਿਆ ਫਿਰਦਾਂ। ਅੱਜ ਦੇ ਭ੍ਰਿਸ਼ਟ ਸਮਾਜ ਵਿਚ ਦਿਆਨਤਦਾਰ ਬੰਦਾ ਸਾਹ ਵੀ ਨਹੀਂ ਲੈ ਸਕਦਾ। ਨਾਲੇ ਕਰਜ਼ਾ ਕੌਣ ਉਤਾਰਦਾ। ਲੋਕੀਂ ਸਰਕਾਰੀ ਕਰਜ਼ਾ ਲੈ ਕੇ ਡਕਾਰ ਨਹੀਂ ਮਾਰਦੇ।

ਤੁੱਲਾ : ਓਏ ਮੁੰਡਿਆ, ਕਿਉਂ ਤੂੰ ਸਾਨੂੰ ਉਲਟੀਆਂ ਪੱਟੀਆਂ ਪੜ੍ਹਾ ਰਿਹਾਂ।

ਕਰਮਾ : ਬਾਪੂ, ਕਰਜ਼ਾ ਦੇਣ ਵਾਲੇ ਕਿਹੜੇ ਧਰਮ ਪੁੱਤਰ ਨੇ। ਅੱਧੀ ਰਕਮ ਤਾਂ ਉਹ ਰਾਹ ਵਿਚ ਹੀ ਮੁੱਛ ਜਾਂਦੇ ਨੇ।

ਤੁੱਲਾ : ਸਰਕਾਰ ਛੱਡਦੀ ਆ ਪੈਸਾ।

ਕਰਮਾ : ਸਰਕਾਰ ਦੀ ਗੱਲ ਛੱਡ ਤੂੰ, ਫਕੀ ਰਿੱਝਣ ਦੇਹ। ਲੋਕੀਂ ਧੂਹ-ਘਸੀਟ ਕੇ ਇਕ-ਦੋ ਸਾਲ ਲੰਘਾ ਦਿੰਦੇ ਨੇ। ਇੰਨੇ ਨੂੰ ਸਰਕਾਰ ਬਦਲ ਜਾਂਦੀ ਐਂ। ਨਵੀਂ ਸਰਕਾਰ ਪੈਰ ਜਮਾਣ ਲਈ ਕਰਜ਼ੇ-ਮਾਫੀ ਦਾ ਐਲਾਨ ਕਰ ਦਿੰਦੀ ਐ।

ਤੁੱਲਾ : ਮੁੰਡਿਆ, ਕਿਉਂ ਤੂੰ ਸਾਨੂੰ ਧਰਮ-ਕਰਮ ਤੋਂ ਗਰਾਣ ਦੀਆਂ ਨਸੀਹਤਾਂ ਦੇ ਰਿਹਾਂ।

ਕਰਮਾ : ਬਾਪੂ, ਗਰੀਬਾਂ ਤੇ ਗੁਲਾਮਾਂ ਦਾ ਕੋਈ ਧਰਮ ਨਹੀਂ ਹੁੰਦਾ। ਧਰਮ ਤਾਂ ਹੁਕਮਰਾਨਾਂ ਦਾ ਹੱਥ-ਠੋਕਾ ਹੈ।

ਤੁੱਲਾ : ਹੁੰਦਾ ਹੋਊ ਅਸੀਂ ਤਾਂ ਆਪਣੇ ਧਰਮ 'ਤੇ ਕੈਮ ਰਹਿਣਾ।

ਕਰਮਾ : ਬਾਪੂ, ਤੇਰਾ ਕਿਹੜਾ ਧਰਮ ਐਂ। ਤੂੰ ਤਾਂ ਅਜੇ ਤਕ ਹੜੱਪਾ ਕਾਲ ਦੇ ਝੋਟਾ-ਦੇਵਤਾ ਦੀ ਪੂਜਾ ਕਰਦਾਂ।

ਤੁੱਲਾ : ਦੁਰਫਿੱਟੇ ਮੂੰਹ, ਲੱਖ-ਲਾਹਨਤ ਤੇਰੇ। ਓਇ ਤੂੰ ਸਾਡੇ ਇਸ਼ਟ ਨੂੰ ਭੰਡਦਾਂ?

ਕਰਮਾ : ਬਾਪੂ, ਅਕਲ ਤੋਂ ਕੰਮ ਲੈ। ਵੀਹਵੀਂ ਸਦੀ ਗੁਜ਼ਰ ਚੱਲੀ ਏ।

ਤੁੱਲਾ : ਅਕਲ ਦਾ ਠੇਕਾ ਤਾਂ ਬਸ ਤੂੰ ਹੀ ਲਿਆ ਹੋਇਆ। ਮੂਰਖ ਕਿਸੇ ਥਾਂ ਦਾ। ਖਿਸਕ ਜਾਹ, ਮੈਨੂੰ ਕਿਸੇ ਦੇ ਆਉਣ ਦੀ ਬਿੜਕ ਸੁਣਾਈ ਦਿੰਦੀ ਆ।

ਭੁੱਲੀ : ਵੇ ਮੁੰਡਿਆ, ਕਿਉਂ ਤੂੰ ਮੌਤ ਨੂੰ ਛੜਾਂ ਮਾਰਦਾਂ। ਕੰਧ ਟੱਪ ਜਾਹ ਪਿਛਲੇ ਪਾਸੇ ਨੂੰ।

ਕਰਮਾ : ਮਾਂ, ਤੂੰ ਡਰ ਲਾਹ ਦੇ ਮਨ 'ਚੋਂ, ਮੈਨੂੰ ਕੁਛ ਨਹੀਂ ਹੋਣ ਲੱਗਾ। ਜਿਹੜੇ ਮਰਨ ਤੋਂ ਡਰਦੇ ਨੇ ਉਹ ਦੁਨੀਆਂ 'ਚ ਕੋਈ ਪੈੜ ਨਹੀਂ ਛਡਦੇ, ਪਾਣੀ ਅੰਦਰ ਲੀਕ ਵਾਂਗ ਮਿਟ ਜਾਂਦੇ ਨੇ।

ਤੁੱਲਾ : ਦਫਾ ਹੋ ਜਾ ਛੇਤੀ, ਸਾਡੀ ਵੀ ਧੌੜੀ ਲੁਹਾਏਂਗਾ।

ਕਰਮਾ : ਮੈਂ ਖੁਦ ਜਾ ਰਿਹਾਂ, ਪਿੰਡ ਦਾ ਰੁਕ-ਢੰਗ ਦੇਖਾਂ। ਬਾਪੂ ਦੇਖੀਂ, ਤੂੰ ਉਨ੍ਹਾਂ ਦੇ ਦਾਬੇ ਜਾਂ ਝਾਸੇ ਵਿਚ ਨਾ ਆ ਜਾਈਂ। ਉਨ੍ਹਾਂ ਨੇ ਪਿੰਡ ਵਿਚ ਦਹਿਸ਼ਤ ਫੈਲਾਉਣ ਲਈ ਪਹਿਲਾਂ ਹਰੀਜਨਾਂ ਦੇ ਘਰਾਂ ਨੂੰ ਖਾਲੀ ਕਰਵਾਉਣਾ। ਪਿੰਡ ਵਾਲਿਆਂ ਨਾਲ ਰਲ ਕੇ ਹੀ ਸਲਾਮਤੀ ਐ ਸਾਡੀ। ਯਾਦ ਰੱਖੀਂ ਮੇਰੀ ਗੱਲ।

(ਨੱਥੂ ਇਕ ਤਾਰਾ ਵਜਾਉਂਦਾ ਹੋਇਆ ਅੱਗੇ ਆਉਂਦਾ ਹੈ। ਤਿੰਨ-ਚਾਰ ਬੱਚੇ ਉਸ ਦੇ ਦੁਆਲੇ ਕੱਠੇ ਹੋ ਜਾਂਦੇ ਹਨ।)

ਲੜਕੀ : ਭਾਈ, ਮੈਨੂੰ ਦੇਹ ਇਕ ਤਾਰਾ।

ਦੂਜੀ : ਮੈਂ ਵੀ ਲੈਣਾ।

ਨੱਥੂ : ਓਏ ਠਹਿਰੋ, ਸਾਹ ਤਾਂ ਲਓ।

ਪਹਿਲੀ : ਕਿੰਨੇ ਨੂੰ ਦਿੰਨਾਂ?

ਨੱਥੂ : ਪੰਜ ਰੁਪਏ,

ਦੂਜੀ : ਹੈਂ ਐਨੇ, ਅੱਗੇ ਤਾਂ ਦੋਂਹ ਨੂੰ ਦਿੰਦਾ ਸੀ।

ਨੱਥੂ : ਹੁਣ ਸਭ ਚੀਜ਼ਾਂ ਮਹਿੰਗੀਆਂ ਹੋ ਗਈਆਂ ਨੇ ਬੱਚਿਓ।



ਲੜਕਾ : ਸਾਡੇ ਪਾਸ ਤਾਂ ਐਨੇ ਪੈਸੇ ਨਹੀਂ।

ਨੱਥੂ : ਕੋਈ ਗੱਲ ਨਹੀਂ, ਤੁਸੀਂ ਮੁਫਤ ਗਾਣਾ ਸੁਣੋ। ਨਾਲ ਨੱਚੋਗੇ ਨਾ?

ਸਾਰੇ : ਹਾਂ, ਹਾਂ!

ਨੱਥੂ : ('ਦੀਦੀ ਤੇਰਾ ਦੇਵਰ ਦੀਵਾਨਾ' ਦੀ ਸੁਰ ਵਜਾਉਂਦਾ ਹੈ। ਬੱਚੇ ਉਸ ਦੇ ਦੁਆਲੇ ਨੱਚਦੇ ਹਨ।)

ਤੁੱਲਾ : (ਭੁੱਲੀ ਨੂੰ) ਇਹਨੂੰ ਚੜ੍ਹੀ-ਲੱਥੀ ਦੀ ਕੋਈ ਸਾਰ ਨਹੀਂ। ਹੀਰ-ਰਾਂਝਾਂ ਗੌਂਦਾ ਫਿਰਦਾ।

ਭੁਲੱਾਂਬ ਦੇ ਰੰਗ ਐ। :

ਪਲ ਕੁ ਪਿੱਛੋਂ ਨੱਥੂ ਤੁੱਲੇ ਵੱਲ ਵਧਦਾ ਹੈ।

ਨੱਥੂ : ਤੁੱਲਿਆ, ਬੜਾ ਉਦਾਸ ਉਦਾਸ ਲਗਦਾਂ ਅੱਜ।

ਤੁੱਲਾ : ਭਰਾਵਾਂ, ਤੇਰੀਆਂ ਪੌ-ਬਾਰਾਂ, ਅਸੀਂ ਤਾਂ ਭੱਠ ਝੋਕਦੇ ਆਂ।

ਨੱਥੂ : ਤੁੱਲਿਆ, ਤੂੰ ਨਗਰ ਗਰਾਂ ਦੀ ਰੌਣਕ ਹੁੰਦਾ ਸੀ, ਤੇਰੇ ਭਾ ਕਿਆ ਬਣੀਆਂ।

ਤੁੱਲਾ : ਨੱਥੂ, ਵਕਤ ਵਕਤ ਦੀਆਂ ਗੱਲਾਂ। ਹਾਂ ਸੱਚ, ਤੂੰ ਖਬਰ ਨਹੀਂ ਸੁਣੀ?

ਨੱਥੂ : ਕੈਸੀ ਖਬਰ?

ਤੁੱਲਾ : ਪਿੰਡ 'ਚ ਸਰਕਾਰ ਆਈ ਹੋਈ ਆ ਨਵਾਂ ਚੰਡੀਗੜ੍ਹ ਵਸਾਉਣ ਲਈ ਪੁਰਾਣਿਆਂ ਨੂੰ ਉਜਾੜ ਕੇ।

ਨੱਥੂ : ਫੇਰ ਮਾਲਕਾਂ ਨੂੰ ਫਿਕਰ ਹੋਊ। ਫਕੀਰਾਂ ਨੂੰ ਕਾਹਦੀ ਚਿੰਤਾ। ਕਰਾਏ 'ਤੇ ਕਮਰਾ-ਰਸੋਈ ਲਿਆ ਹੋਇਆ। ਖਾਲੀ ਕਰ ਕੇ ਕਿਸੇ ਹੋਰ ਪਿੰਡ ਜਾ ਡੇਰਾ ਲਾਵਾਂਗੇ। ਸ਼ੀਂਹ, ਸੱਪ, ਫਕੀਰ ਦਾ ਕਿਹੜਾ ਕੋਈ ਦੇਸ਼ ਹੁੰਦਾ।

(ਨੱਥੂ ਬੜੀ ਲਾਪ੍ਰਵਾਹੀ ਨਾਲ ਇਕ ਤਾਰਾ ਵਜਾਉਂਦਾ ਹੋਇਆ ਚਲਾ ਜਾਂਦਾ ਹੈ, ਦੋਵੇਂ ਉਸ ਦੀਆਂ ਗੱਲਾਂ ਸੁਣ ਕੇ ਸਗੋਂ ਉਦਾਸ ਹੋ ਜਾਂਦੇ ਹਨ।)

ਝਟ ਕੁ ਪਿਛੋਂ ਪੌਲੀਥੀਨ ਦੇ ਦੋ ਪੈਕਟਾਂ ਵਿਚ ਦਾਲ, ਸਬਜ਼ੀ ਅਤੇ ਅਖਬਾਰੀ ਕਾਗਜ਼ ਵਿਚ ਮੁੰਨੀ ਰੋਟੀਆਂ ਲੈ ਕੇ ਆਉਂਦੀ ਹੈ।

ਭੁੱਲੀ : ਨੀ, ਤੈਨੂੰ ਤਾਂ ਭੁੱਜੇ ਛੋਲੇ ਲੈਣ ਭੇਜਿਆ ਤੀ? ਆਹ ਕਿਆ ਲੈ ਕੇ ਆਈ ਆਂ?

ਮੁੰਨੀ : ਥੋਡੇ ਲਈ ਦਾਲ, ਰੋਟੀਆਂ।

ਭੁੱਲੀ : ਕੇਹੜੇ ਧਗੜੇ ਨੇ ਦਿੱਤੀਆਂ?

ਤੁੱਲਾ : (ਸ਼ੱਕ ਕਰਦਾ ਹੋਇਆ) ਏਸ ਕੁੜੀ ਦੇ ਚਾਲੇ ਵਿਗੜ ਗਏ।
ਭੁੱਲੀ : (ਗਰਦਨ ਤੋਂ ਫੜ ਕੇ) ਸੱਚ ਦੱਸ ਕੀਹਨੇ ਦਿੱਤੀਆਂ?
ਮੁੰਨੀ : (ਮੁਸਕ੍ਰਾਂਦੀ ਹੋਈ) ਵੀਰੇ ਨੇ।
ਭੁੱਲੀ : ਕਿਹੜੇ ਬੀੜੇ ਨੇ?
ਮੁੰਨੀ : ਭਰਾ ਘਰ ਨਹੀਂ ਸੀ ਆਇਆ?
ਭੁੱਲੀ : ਆਇਆ ਸੀ ਹੁਣੇ ਗਿਆ।
ਮੁੰਨੀ : ਮੈਂ ਵੀਰ ਨੂੰ ਸਾਰੀ ਗੱਲ ਦੱਸੀ, ਉਹਨੇ ਮੈਨੂੰ ਵੀਹ ਰੁਪਏ ਦਿੱਤੇ — ਦਾਲ-ਰੋਟੀਆਂ ਲਈ।
ਭੁੱਲੀ : (ਤੁੱਲੇ ਨੂੰ ਜਜ਼ਬਾਤੀ ਰੌਂ ਵਿਚ) ਦੇਖਿਆ! ਅਖੀਰ ਆਪਣਾ ਖੂਨ ਈ ਪੰਘਰਦਾ, ਤੂੰ ਹਰ ਵਕਤ ਮੁੰਡੇ ਨੂੰ ਦੁਰੋ ਦੁਰੋ ਕਰਦਾ ਰਹਿੰਦਾਂ।
ਤੁੱਲਾ : ਮੂਰਖੇ, ਮੈਂ ਉਹਦਾ ਦੋਖੀ ਆਂ। ਉਹਦੇ ਭਲੇ ਲਈ ਕਲਪਦਾਂ, ਕਿਸੇ ਤਰ੍ਹਾਂ ਸਿੱਧੇ ਰਾਹ ਪੈ ਜਾਵੇ। ਅਗਲਿਆਂ ਝੂਠੀ ਵਾਰਦਾਤ ਬਣਾ ਕੇ ਗੋਲੀ ਮਾਰ ਦੇਣੀ ਆਂ।
ਭੁੱਲੀ : ਹਾਏ ਮੈਨੂੰ? ਧਗਾਣੇ ਮਾਰ ਦੇਣੀਆਂ।
ਤੁੱਲਾ : ਭੋਲੀਏ, ਰੋਜ਼ ਵਾਰਦਾਤਾਂ ਹੁੰਦੀਆਂ, ਥਾਂ-ਪਰ-ਥਾਂ।
ਭੁੱਲੀ : ਮੈਂ ਕਿਆ ਕਰਾਂ ਮੁੰਡੇ ਦੇ ਮਨ 'ਚ ਰਤਾ ਡਰ-ਭਉ ਨਹੀਂ।
ਤੁੱਲਾ : ਤੇਰੇ ਲਾਡਾਂ ਨੇ ਉਹਦਾ ਭੁੱਗਾ ਚੌੜ ਕੀਤਾ।
ਭੁੱਲੀ : ਤੇਰੀਆਂ ਝਿੜਕਾਂ ਨੇ ਉਹਨੂੰ ਘਰੋਂ ਨਠਾਇਆ।
ਤੁੱਲਾ : ਮੈਨੂੰ ਉਹਦੇ ਚਾਲੇ ਚੰਗੇ ਨਹੀਂ ਸੀ ਲਗਦੇ। ਅਲਾਕੇ ਦੇ ਬਾਗੀ ਮੁੰਡਿਆਂ ਦੇ ਸੰਗ 'ਚ ਰਲ ਗਿਆ ਸੀ।
ਭੁੱਲੀ : ਆ ਬੈਠ, ਪਹਿਲਾਂ ਪੇਟ ਨੂੰ ਝੁਲਕਾ ਦੇ ਲਈਏ।

(ਉਹ ਸਾਰੇ ਬੈਠ ਕੇ ਰੋਟੀ ਖਾਣ ਹੀ ਲਗਦੇ ਹਨ, ਜਦੋਂ ਇਕ ਬਜ਼ੁਰਗ ਔਰਤ ਸੋਟੀ ਖੜਕਾਉਂਦੀ ਆ ਜਾਂਦੀ ਹੈ।)

ਬੁੱਢੀ ਤੁੱਲਿਆ, ਜੀਣ ਜੋਗਿਆ।
ਤੁੱਲਾ : ਆ ਤਾਈਂ ਕਿੱਦਾਂ ਆਈ ਆਂ?
ਬੁੱਢੀ : ਪੁੱਤਾ, ਪੰਜ ਰੁਪਏ ਉਧਾਰ ਲੈਣ ਆਈ ਆਂ?
ਤੁੱਲਾ : ਤਾਈਂ, ਅੱਜ ਤਾਂ ਅਸੀਂ ਵੀ ਖਾਲੀ ਹੱਥ ਬੈਠੇ ਆਂ। ਆ ਬੈਠ ਰੋਟੀ ਖਾ ਲੈ।
ਬੁੱਢੀ : ਮੇਰੀ ਤਾਂ ਸੁਖ ਐ, ਮੇਰੇ ਪੋਤੇ-ਪੋਤੀਆਂ ਲਈ ਚਾਰ ਰੋਟੀਆਂ ਦੇ ਦਿਉ।

ਮੁੰਨੀ ਤੇ ਭੁੱਲੀ ਗੁੱਸੇ ਨਾਲ ਭਰੀਆਂ-ਭੀਤੀਆਂ ਇਕ-ਦੂਜੇ ਵਲ ਦੇਖਦੀਆਂ ਹਨ। ਤੁੱਲਾ ਪੰਜ-ਛੇ ਰੋਟੀਆਂ ਤੇ ਦਾਲ-ਸਬਜ਼ੀ ਪਾ ਕੇ ਦਿੰਦਾ ਹੈ।



ਬੁੱਢੀ : ਤੁੱਲਿਆ, ਰੱਬ ਤੈਨੂੰ ਬਹੁਤਾ ਦੇਵੇ, ਜਿੱਦਾਂ ਤੂੰ ਦਿਲ ਖੋਲ੍ਹ ਕੇ ਮਦਦ ਕਰਦਾਂ ਗਰੀਬਾਂ ਦੀ।

(ਅਸੀਸਾਂ ਦਿੰਦੀ ਚਲੀ ਜਾਂਦੀ ਹੈ)

ਤੁੱਲਾ : ਤੁਸੀਂ ਕਿਉਂ ਮੂੰਹ ਵੱਟ ਲਏ। ਰੋਟੀ ਖਾਂਦਿਆਂ ਜਦੋਂ ਕੋਈ ਸਵਾਲੀ ਜਾਂ ਫਕੀਰ ਆ ਜਾਏ ਮੈਂ ਗਰਾਹੀ ਮੂੰਹ 'ਚ ਨਹੀਂ ਨਿਗਲ ਸਕਦਾ।
ਭੁੱਲੀ : ਫੇਰ ਆਹ ਵੀ ਵੰਡ ਆ ਜਾ ਕੇ ਆਂਡ-ਗੁਆਂਢ।
ਤੁੱਲਾ : ਮੈਂ ਆਪਣੇ ਹਿੱਸੇ ਦੀ ਦੇ ਦਿੱਤੀ, ਤੁਸੀਂ ਖਾਓ। (ਉਠਣ ਲਗਦਾ ਹੈ)
ਮੁੰਨੀ : ਬਾਪੂ, ਬੈਠ ਥੋੜ੍ਹੀ ਥੋੜ੍ਹੀ ਖਾ ਲਾਂਗੇ।
ਭੁੱਲੀ : ਬਹਿ ਜਾ ਹੁਣ। ਮੈਂ ਮੂੰਹ 'ਚ ਬੁਰਕੀ ਪਾ ਦਿੰਦੀ ਆਂ।

ਭੁੱਲੀ ਬੁਰਕੀ ਤੋੜ ਕੇ ਉਸ ਵਲ ਵਧਾਉਂਦੀ ਹੈ। ਸਾਰੇ ਹੱਸ ਪੈਂਦੇ ਹਨ। ਅਜੇ ਉਹ ਦੋ-ਦੋ, ਚਾਰ-ਚਾਰ ਗਰਾਹੀਆਂ ਹੀ ਮੂੰਹਾਂ ਵਿਚ ਪਾਉਂਦੇ ਹਨ ਜਦੋਂ ਸਰਕਾਰੀ ਅਫਸਰ, ਥਾਣੇਦਾਰ, ਸਰਪੰਚ, ਸਿਪਾਹੀ ਵਿਹੜੇ ਵਿਚ ਆਣ ਧਮਕਦੇ ਹਨ।

ਸਰਪੰਚ : ਤੁੱਲਿਆ, ਐਧਰ ਆ ਸਰਕਾਰ ਸਾਹਮਣੇ ਪੇਸ਼ ਹੋ?
ਤੁੱਲਾ : (ਝੱਗੇ ਨਾਲ ਹੱਥ ਪੂੰਝਦਾ ਅਤੇ ਮੂੰਹ 'ਤੇ ਹੱਥ ਫੇਰਦਾ ਹੋਇਆ) ਆ ਸਰਪੰਚਾ, ਲੌਢਾ ਵੇਲਾ ਕਰ ਲਾ।
ਸਰਪੰਚ : ਸਾਲਿਆ, ਮਸਕਰੀਆਂ ਕਰਦਾਂ।
ਤੁੱਲਾ : ਸਰਦਾਰਾ, ਮਸਕਰੀ ਮੈਂ ਕਿਆ ਕਰਨੀ ਆਂ, ਤੁਹਾਨੂੰ ਦੇਖ ਕੇ ਤਾਂ ਮੈਂ ਉਂਝ ਹੀ ਬੌਂਦਲ ਗਿਆਂ। ਦੱਸੋ ਜਨਾਬ, ਕਿਆ ਹੁਕਮ ਐ?
ਸਰਪੰਚ : ਤੁੱਲਿਆ, ਪਿੰਡ ਦੇ ਜੱਟ-ਜ਼ਿਮੀਂਦਾਰ ਤਾਂ ਸਰਕਾਰ ਨਾਲ ਆਢਾ ਲਾਉਣ ਲਈ ਤਿਆਰ ਬੈਠੇ ਨੇ। ਤੇਰੀ ਕੀ ਸਲਾਹ ਹੈ?
ਤੁੱਲਾ : ਜਨਾਬ, ਮੈਂ ਵੀ ਤਾਂ ਪਿੰਡ ਵਾਲਿਆਂ ਦੇ ਨਾਲ ਆਂ।
ਥਾਣੇਦਾਰ: ਓਏ ਕੁੱਤਿਆ-ਕਮੀਣਾ, ਤੂੰ ਕਿਸਾਨਾਂ ਨਾਲ ਕਿੱਦਾਂ ਰਲ ਗਿਆ। ਤੇਰੀ ਸ਼ਾਮਤ ਆਈ ਹੋਈ ਐ।
ਸਰਪੰਚ : ਚੁੱਪ-ਚਾਪ ਘਰ ਖਾਲੀ ਕਰ ਦੇ, ਮੈਂ ਤੇਰੇ ਮੁੰਡੇ ਦੇ ਖਿਲਾਫ ਕੇਸ ਰਫਾ-ਦਫਾ ਕਰਵਾ ਦਿਆਂਗਾ।
ਤੁੱਲਾ : ਮੁੰਡੇ ਨਾਲ ਸਾਡਾ ਕਿਆ ਵਾਸਤਾ। ਆਪਣੀ ਕੀਤੀ ਭੁਗਤੂਗਾ। ਜੋ ਕਰੇ ਸੋ ਭਰੇ।
ਥਾਣੇਦਾਰ : ਸੂਰ ਦਿਆ ਪੁੱਤਰਾ, ਸਾਡੇ ਨਾਲ ਚਲਾਕੀ। ਉਹ ਮਾਂ ਦਾ ਯਾਰ ਹੁਣੇ

ਤੈਨੂੰ ਸਿਖਾ-ਪੜ੍ਹਾ ਕੇ ਘਰੋਂ ਨਿਕਲਿਆ।

ਤੁੱਲਾ : ਕੌਣ ਕਹਿੰਦਾ?

ਥਾਣੇਦਾਰ : (ਕਾੜ ਕਰਦੀ ਚੁਪੇੜ ਮਾਰ ਕੇ) ਕੁੱਤਿਆਂ, ਝੂਠ ਬਕ ਰਿਹਾਂ, ਤੈਨੂੰ ਪਿਛਲੀ ਮਾਰ ਭੁੱਲ ਗਈ। (ਸਿਪਾਹੀ ਨੂੰ) ਲਾ ਓਏ ਇਹਨੂੰ ਹੱਥ-ਕੜੀ, ਠਾਣੇ ਲਿਜਾ ਕੇ ਪੁੱਠਾ ਟੰਗੋ ਹਰਾਮਜ਼ਾਦੇ ਨੂੰ।

ਸਰਪੰਚ : (ਖੁਸ਼ ਹੋ ਕੇ) ਲਓ ਸਰਕਾਰ, ਸ਼ਿਕਾਰ ਖੁਦ-ਬਖੁਦ ਪਿੰਜਰੇ 'ਚ ਆਣ ਫਸਿਆ।

ਤੁੱਲੀ : ਵੇ! (ਕਰਮੇ ਨੂੰ ਨਸ ਜਾਣ ਦਾ ਗੁੱਝਾ ਇਸ਼ਾਰਾ ਕਰਦੀ ਹੈ।)

ਕਰਮਾ : ਥਾਣੇਦਾਰ ਸਾਹਿਬ, ਮੇਰੇ ਨਾਲ ਜੋ ਮਰਜ਼ੀ ਸਲੂਕ ਕਰ ਲਵੋ, ਮੇਰੇ ਬਾਪ ਨੂੰ ਮਤ ਤੰਗ ਕਰੋ। ਇਹ ਬੇਕਸੂਰ ਹੈ।

ਥਾਣੇਦਾਰ : ਅੱਛਾ, ਤੇਰੀ ਐਨੀ ਜੁਰਅਤ।

ਸਰਪੰਚ : ਘਰ ਖਾਲੀ ਕਰ ਦੇਵੇ, ਅਸੀਂ ਹੋਰ ਕੁਝ ਨਹੀਂ ਕਹਿੰਦੇ।

ਕਰਮਾ : ਚਾਲੀ ਸਾਲਾਂ ਤੋਂ ਇਸ ਘਰ ਵਿਚ ਬੈਠੇ ਆਂ, ਖਾਲੀ ਕਿੱਦਾਂ ਕਰ ਦੇਈਏ।

ਥਾਣੇਦਾਰ : ਸਰਕਾਰ, ਇਹ ਉਹੋ ਦਹਿਸ਼ਤਗਰਦ ਹੈ ਜਿਸ ਦੀ ਪੁਲੀਸ ਨੂੰ ਚਰੋਕਣੀ ਭਾਲ ਸੀ। (ਹੰਟਰ ਦੀ ਹੁਜ ਮਾਰ ਕੇ) ਕੁੱਤਿਆ, ਤੂੰ ਕਹਿੰਦਾ, ਮੈਨੂੰ ਇਹਦਾ ਪਤਾ ਨਹੀਂ।

ਕਰਮਾ : ਬਿਲਕੁਲ ਠੀਕ ਕਹਿੰਦਾਂ, ਮੈਂ ਕਈ ਮਹੀਨਿਆਂ ਪਿੱਛੋਂ ਪਿੰਡ 'ਚ ਆਇਆਂ।

ਥਾਣੇਦਾਰ : ਵਾਹ, ਉਹ ਕਿਉਂ?

ਕਰਮਾ : ਮੈਨੂੰ ਪਤਾ ਲੱਗਾ ਸੀ ਤੁਸੀਂ ਖਾਹ-ਮਖਾਹ ਮੇਰੇ ਬਾਪ ਉਤੇ ਜ਼ੁਲਮ ਢਾ ਰਹੇ ਓ।

ਥਾਣੇਦਾਰ : ਤੂੰ ਫੇਰ ਪਿਓ ਨੂੰ ਸਮਝਾ ਜੱਟ-ਜ਼ਿਮੀਂਦਾਰਾਂ ਦੀ ਰੀਸ ਨਾ ਕਰੇ। ਉਹ ਘਰ ਤੇ ਜ਼ਮੀਨਾਂ ਦੇ ਮਾਲਕ ਨੇ। ਉਨ੍ਹਾਂ ਨੂੰ ਅਸੀਂ ਕਾਨੂੰਨ ਨਾਲ ਹੀ ਬੇਦਖਲ ਕਰਾਂਗੇ।

ਕਰਮਾ : ਫੇਰ ਸਾਨੂੰ ਕਿਹੜੇ ਕਾਨੂੰਨ ਅਨੁਸਾਰ ਕੱਢ ਸਕਦੇ ਹੋ?

ਥਾਣੇਦਾਰ : ਤੁਸੀਂ ਨਾਜਾਇਜ਼ ਕਬਜ਼ਾ ਕੀਤਾ ਹੋਇਆ ਪਿੰਡ ਦੀ ਸ਼ਾਮਲਾਟ 'ਤੇ।

ਤੁੱਲਾ : ਸਰਕਾਰ, ਤੀਮੀਂ ਤੇ ਸ਼ਾਮਲਾਟ ਜਿਹਦੇ ਕਬਜ਼ੇ ਵਿਚ ਹੋਣ ਉਹੋ ਮਾਲਕ ਹੁੰਦਾ।

ਅਫਸਰ : ਵਾਹ ਓਏ! ਤਲਵਾਰ, ਘੋੜਾ ਤੇ ਇਸਤਰੀ ਤਾਂ ਸੁਣੇ ਸਨ। ਇਹਨੇ ਆਪਣੇ ਮਤਲਬ ਦੀ ਗੱਲ ਕੱਢ ਮਾਰੀ।



ਥਾਣੇਦਾਰ : ਜਨਾਬ, ਮੈਂ ਇਹਨੂੰ ਥਾਣੇ ਨੋਟ ਕੀਤਾ ਸੀ। ਇਹ ਬਹੁਤ ਮੀਸਣਾ ਘੁਮਾਰ ਐ।

ਸਰਪੰਚ : ਜਨਾਬ, ਇਹ ਬੜਾ ਗੁਣੀ ਬੰਦਾ, ਗਰੀਬੀ ਨੇ ਝੰਮ ਸੁੱਟਿਆ।

ਤੁੱਲਾ : (ਦਲੇਰ ਹੁੰਦਾ ਹੋਇਆ) ਸਰਕਾਰ, ਨੰਬਰਦਾਰ ਨੇ ਖੁਦ ਇਸ ਜਗ੍ਹਾ 'ਤੇ ਕਬਜ਼ਾ ਕਰਵਾਇਆ ਸੀ।

ਸਰਪੰਚ : ਉਸ ਨੂੰ ਰਿਸ਼ਵਤ ਦੇ ਕੇ ਕੀਤਾ ਹੋਵੇਗਾ, ਉਹ ਮਰ-ਮੁੱਕ ਚੁੱਕਾ ਹੈ।

ਕਰਮਾ : ਚਾਲੀ ਸਾਲਾਂ ਪਿੱਛੋਂ ਕੋਈ ਕਿਸੇ ਨੂੰ ਘਰੋਂ ਨਹੀਂ ਕੱਢ ਸਕਦਾ। ਉਹ ਉਸ ਥਾਂ ਦਾ ਮਾਲਕ ਬਣ ਜਾਂਦਾ ਹੈ।

ਅਫਸਰ : ਅੱਛਾ! ਐਨਾ ਦਿਮਾਗ ਫਿਰ ਗਿਆ ਤੇਰਾ।

ਸਰਪੰਚ : ਪੰਚਾਇਤ ਕੱਢ ਸਕਦੀ ਹੈ। ਇਸ ਨੂੰ ਬਹੁਤ ਅਖਤਿਆਰ ਮਿਲ ਗਏ ਨੇ।

ਕਰਮਾ : ਪੰਚਾਇਤ ਨੂੰ ਵੀ ਚਾਲੀ ਸਾਲਾਂ ਪਿੱਛੋਂ ਕਿਸੇ ਨੂੰ ਘਰੋਂ-ਬੇ-ਘਰ ਕਰਨ ਦਾ ਅਖਤਿਆਰ ਨਹੀਂ ਮਿਲਿਆ।

ਸਰਪੰਚ : (ਸਿਪਾਹੀ ਨੂੰ) ਲਾਓ ਇਹਨੂੰ ਹੱਥ-ਕੜੀ, ਵਧਦਾ ਈ ਜਾਂਦਾ ਸਾਲਾ ਟੁੱਟੇ ਛਿੱਤਰ ਵਾਂਗ।

ਕਰਮਾ : ਮੂੰਹ ਸੰਭਾਲ ਕੇ ਗੱਲ ਕਰੋ ਥਾਣੇਦਾਰ ਸਾਹਿਬ, ਕਿਹੜੇ ਦੋਸ਼ ਬਦਲੇ?

ਥਾਣੇਦਾਰ : ਤੂੰ ਖਤਰਨਾਕ ਅਤਿਵਾਦੀ ਹੈਂ। ਥਾਣੇ ਵਿਚ ਤੇਰੀ ਰਿਪੋਰਟ ਦਰਜ ਹੈ।

ਕਰਮਾ : ਜਿਹੜਾ ਵੀ ਅੱਜ ਧੌਣ ਉਚੀ ਕਰ ਕੇ ਤੁਰਦਾ ਉਹ ਪੁਲੀਸ ਦੀਆਂ ਨਜ਼ਰਾਂ ਵਿਚ ਅਤਿਵਾਦੀ ਹੈ।

ਥਾਣੇਦਾਰ : ਤੂੰ ਲੋਕਾਂ ਨੂੰ ਸਰਕਾਰ ਵਿਰੁੱਧ ਬਗਾਵਤ ਲਈ ਉਕਸਾਉਂਦਾ ਫਿਰਦਾਂ।

ਕਰਮਾ : ਹਰਗਿਜ਼ ਨਹੀਂ। ਲੋਕ ਰਾਜ ਵਿਚ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਉਣਾ ਕੋਈ ਜੁਰਮ ਨਹੀਂ।

ਥਾਣੇਦਾਰ : ਸਭ ਦਹਿਸ਼ਤਗਰਦ ਆਪਣੇ-ਆਪ ਨੂੰ ਇਸੇ ਤਰ੍ਹਾਂ ਦੇਸ਼-ਭਗਤ ਸਾਬਤ ਕਰਦੇ ਫਿਰਦੇ ਨੇ।

ਤੁੱਲਾ : (ਸਰਪੰਚ ਨੂੰ) ਸਰਦਾਰਾ, ਤੂੰ ਚੰਗੀ ਪਿੰਡ ਦੀ ਭਲਾਈ ਕਰ ਰਿਹਾਂ।

ਸਰਪੰਚ : ਮੈਂ ਤਾਂ ਪਹਿਲਾਂ ਤੇਰੇ ਭਲੇ ਦੀ ਗੱਲ ਕੀਤੀ ਸੀ। ਤੇਰੇ ਖਾਨੇ ਨਹੀਂ ਬੈਠੀ।

ਤੁੱਲਾ : ਓਇ ਜ਼ੋਰਾਵਰੋ, ਕਿਉਂ ਗਰੀਬਾਂ 'ਤੇ ਜ਼ੁਲਮ ਢੌਂਦੇ ਓ। ਤੁਹਾਨੂੰ ਕਿਆ ਖਬਰ ਅਸੀਂ ਪਿਛਲੇ ਦਸ-ਬਾਰਾਂ ਸਾਲ ਕਿੱਦਾਂ ਦੋਜ਼ਖ ਵਿਚ ਕੱਟੇ ਆ, ਭੁੱਖੇ ਰਹਿ ਕੇ ਅੰਦਰ ਵੜ ਕੇ, ਸਾਹ ਘੁਟਵੇਂ ਮਹੌਲ ਵਿਚ। ਹੁਣ ਤੁਸੀਂ ਨਵਾਂ ਚੰਡੀਗੜ੍ਹ ਵਸਾਉਣ ਲਈ ਫਿਰ ਸਾਡੇ ਲਈ ਮੁਸੀਬਤਾਂ

ਦਾ ਪਹਾੜ ਖੜ੍ਹਾ ਕਰਨ ਲੱਗੇ ਓ।

ਸਰਪੰਚ : ਤੈਨੂੰ ਇਸ ਬਦਲੇ ਪੱਕਾ ਮਕਾਨ ਮਿਲੇਗਾ।

ਕਰਮਾ : ਮਿਲੇਗਾ ਚਾਨਣੀ ਦੀਵਾਲੀ ਨੂੰ।

ਤੁੱਲਾ : ਕਿਆ ਬਣੇਂਗਾ ਸਾਡਾ ਦੋ ਖਣਾਂ ਦੀ ਕੋਠੜੀ ਨਾਲ। ਕਿੱਥੇ ਬੰਨਾਂਗੇ ਗਧਾ, ਕਿੱਥੇ ਲਾਵਾਂਗੇ ਆਵੀ।

ਸਰਪੰਚ : ਹੋਰ ਤੇਰੇ ਨਾਂ ਸਾਲਮ ਕੋਠੀ ਲਾ ਦੇਈਏ।

ਕਰਮਾ : ਬਾਪੂ, ਕਿਉਂ ਲੇਲੜੀਆਂ ਕੱਢਦਾਂ ਇਨ੍ਹਾਂ ਅੱਗੇ।

ਥਾਣੇਦਾਰ : (ਸਿਪਾਹੀ ਨੂੰ) ਅੱਗੇ ਹੋ ਕੇ ਠੋਕ ਹੱਥਕੜੀ ਇਹਨੂੰ।

ਕਰਮਾ : (ਸਖਤੀ ਨਾਲ) ਠਹਿਰ ਜਾ ਸਿਪਾਹੀਆ।

ਥਾਣੇਦਾਰ : ਹੈਂ! ਐਨੀ ਬਦਤਮੀਜ਼ੀ।

ਥਾਣੇਦਾਰ ਕਰਮੇ ਨੂੰ ਮਾਰਨ ਲਈ ਹੈਂਟਰ ਉਘਰਦਾ ਹੈ, ਤੁੱਲਾ ਅੱਗੇ ਆ ਕੇ ਹੈਂਟਰ ਫੜ ਲੈਂਦਾ ਹੈ।

ਤੁੱਲਾ : ਇਹਨੂੰ ਕਿਉਂ ਮਾਰਦੇ ਓ ਬੇਦੋਸ਼ੇ ਨੂੰ, ਮੈਨੂੰ ਲਾਓ ਹੱਥ-ਕੜੀ।

ਥਾਣੇਦਾਰ : (ਤੁੱਲੇ ਨੂੰ ਧੱਕਾ ਦੇ ਕੇ) ਪਰੇ ਮਰ।

ਕਰਮਾ : ਖਬਰਦਾਰ ਜੇ ਬਜ਼ੁਰਗ ਉਤੇ ਹੱਥ ਚੁੱਕਿਆ।

ਥਾਣੇਦਾਰ : (ਗੁੱਸੇ ਨਾਲ) ਅੱਛਾ, ਤੇਰੀ ਇਹ ਗੁਸਤਾਖੀ। (ਪਹਿਲਾਂ ਸਿਪਾਹੀ ਹੱਥੋਂ ਬੰਦੂਕ ਫੜਨ ਲਗਦਾ ਹੈ। ਫੇਰ ਇਕਦਮ ਖਿਆਲ ਬਦਲ ਕੇ ਕਰਮੇ ਸਿਰ ਪੂਰੇ ਜ਼ੋਰ ਨਾਲ ਹੈਂਟਰ ਮਾਰਦਾ ਹੈ। ਖੂਨ ਨਿਕਲ ਆਉਂਦਾ ਹੈ।)

ਭੁੱਲੀ : ਹਾਏ ਜਾਲਮੋ, ਇਹਨੂੰ ਕਿਉਂ ਮਾਰਦੇ ਓ, ਇਹਦੀ ਮਾਂ ਨੂੰ ਮਾਰੋ ਜਿਨੇ ਇਹਨੂੰ ਜਣਿਆ।

ਕਰਮਾ : ਮਾਂ, ਚੁੱਪ ਕਰ ਜਾ! ਕਰ ਲੈਣ ਦੇਹ ਜੋ ਕਰਦੇ ਨੇ, (ਹੱਥ ਖੜ੍ਹੇ ਕਰ ਕੇ) ਆਓ ਲਾਓ ਹੱਥ-ਕੜੀ, ਲੈ ਚਲੋ ਜਿੱਥੇ ਲਿਜਾਣਾ ਹੈ। ਆਪਣੇ ਅਕੀਦੇ ਪਿੱਛੇ ਮੈਂ ਜ਼ਹਿਰ ਦਾ ਪਿਆਲਾ ਪੀਣ ਨੂੰ ਤਿਆਰ ਹਾਂ।

(ਸਿਪਾਹੀ ਕਰਮੇ ਨੂੰ ਹੱਥ-ਕੜੀ ਲਾਉਂਦਾ ਹੈ।)

ਕਰਮਾ : (ਲਹੂ-ਲੁਹਾਨ ਸਿਰ ਵਲ ਇਸ਼ਾਰਾ ਕਰ ਕੇ) ਆਹ ਦੇਖ ਲਓ ਲੋਕੋ, ਸੁਕਰਾਤ, ਈਸਾ, ਗੁਰੂ ਤੇਗ ਬਹਾਦਰ ਤੇ ਮਹਾਤਮਾ ਗਾਂਧੀ ਵਾਂਗ ਜਿਹੜਾ ਵੀ ਸੱਚ ਦਾ ਪ੍ਰਚਾਰ ਕਰਦਾ ਹੈ ਉਸ ਦਾ ਇਹ ਹਸ਼ਰ ਹੁੰਦਾ ਹੈ।

(ਲੋਕਾਂ ਦੀ ਭੀੜ ਵਿਚੋਂ ਇਕ ਨੌਜਵਾਨ ਅੱਗੇ ਵਧਦਾ ਹੈ।)

ਨੌਜਵਾਨ : (ਸਖਤੀ ਨਾਲ) ਹੱਥ ਕੜੀ ਖੋਲ੍ਹ ਦਿਓ।



ਥਾਣੇਦਾਰ : ਕਿਉਂ ਓਇ?

ਨੌਜਵਾਨ : ਅਸੀਂ ਪਿੰਡ ਵਿਚ ਧੱਕੇਸ਼ਾਹੀ ਨਹੀਂ ਹੋਣ ਦਿਆਂਗੇ।

ਥਾਣੇਦਾਰ : ਇਹ ਖਤਰਨਾਕ ਅਤਵਾਦੀ ਹੈ।

ਨੌਜਵਾਨ : ਹਰਗਿਜ਼ ਨਹੀਂ। ਸਾਰਾ ਇਲਾਕਾ ਜਾਣਦਾ ਹੈ ਇਹ ਖੱਬੇ ਪੱਖੀ ਗਰਾਮ ਸੇਵਕ ਹੈ, ਇਸ ਤੋਂ ਵੱਧ ਕੁਛ ਨਹੀਂ।

ਥਾਣੇਦਾਰ : ਤੂੰ ਕੌਣ ਹੁੰਦਾ ਵਿਚ ਦਖਲ ਦੇਣ ਵਾਲਾ।

ਨੌਜਵਾਨ : ਮੈਂ ਪਿੰਡ ਦੀ ਆਵਾਜ਼।

ਥਾਣੇਦਾਰ : ਅੱਛਾ।

ਆਵਾਜ਼ਾਂ ਬਹੁਤ ਸਾਰੀਆਂ ਕੜਕਵੀਆਂ : ਹਾਂ-ਹਾਂ-ਹਾਂ।

(ਅਫਸਰ, ਥਾਣੇਦਾਰ ਤੇ ਸਰਪੰਚ ਘਬਰਾ ਜਾਂਦੇ ਹਨ)। ਇਕ-ਦੂਜੇ ਵਲ ਦੇਖਦੇ ਹਨ।

ਥਾਣੇਦਾਰ : (ਹੌਲੀ) ਕੀ ਕੀਤਾ ਜਾਵੇ ਸਰਦਾਰ ਸਾਹਿਬ?

ਅਫਸਰ : ਅਸੀਂ ਪੁਆੜੇ 'ਚੋਂ ਕੀ ਲੈਣਾ। ਉੱਪਰ ਜਾ ਕੇ ਰਿਪੋਰਟ ਦੇ ਦਿਆਂਗੇ ਕਿ ਪਿੰਡ ਬਾਗ਼ੀ ਹੋਇਆ ਬੈਠਾ।

ਸਰਪੰਚ : ਥਾਣੇਦਾਰ ਸਾਹਿਬ, ਮੇਰੇ ਪਿੰਡ ਦੇ ਮੁੰਡੇ ਨੂੰ ਛੱਡ ਦਿਉ। ਲੋਕਾਂ ਦੀ ਹੱਕੀ ਆਵਾਜ਼ ਸੁਣੋ।

ਥਾਣੇਦਾਰ : (ਨੌਜਵਾਨ ਨੂੰ) ਤੂੰ ਇਸ ਦੀ ਜ਼ਾਮਨੀ ਦੇਣ ਨੂੰ ਤਿਆਰ ਹੈਂ?

ਆਵਾਜ਼ਾਂ : ਅਸੀਂ ਸਾਰੇ ਗੂਠੇ ਲਾਉਣ ਲਈ ਤਿਆਰ ਹਾਂ।

ਸਿਪਾਹੀ ਹੱਥ-ਕੜੀ ਖੋਲ੍ਹਦਾ ਹੈ। ਅਫਸਰ, ਥਾਣੇਦਾਰ ਅਤੇ ਸਰਪੰਚ ਝੱਟ-ਪਟ ਖਿਸਕ ਜਾਂਦੇ ਹਨ।

ਭੁੱਲੀ ਝਟਪਟ ਚੁੰਨੀ ਪਾੜ ਕੇ ਜ਼ਖ਼ਮ ਪੂੰਝਦੀ ਹੈ।

ਪਿੰਡ ਦੇ ਲੋਕ ਅਤੇ ਤੁੱਲਾ ਕਰਮੇ ਦੁਆਲੇ ਕੱਠੇ ਹੋ ਕੇ ਗੰਭੀਰ ਰੌ ਵਿਚ ਸੁੰਨ ਹੋ ਜਾਂਦੇ ਹਨ।

ਪਰਦਾ ਹੌਲੀ ਹੌਲੀ ਡਿਗਦਾ ਹੈ। ਪਿਛੋਕੜ ਤੋਂ ਗਾਣੇ ਦੀ ਧੁਨ ਸੁਣਾਈ ਦਿੰਦੀ ਹੈ :

ਮਿੱਟੀ ਪੁੱਛੇ ਘੁਮਿਆਰ ਤੋਂ
ਤੂੰ ਕਿਉਂ ਰੋਂਦੇ ਮੋਹੇ।
ਇਕ ਦਿਨ ਐਸਾ ਆਏਗਾ
ਮੈਂ ਰੋਂਦੂੰਗੀ ਤੋਹੇ।

(ਪਰਦਾ)

# ਨੰਗਾ ਜ਼ਖਮ

# ਪਾਤਰ

ਤਿੰਨ ਦਫ਼ਤਰ ਦੇ ਬਾਬੂ
ਦੋ ਨੌਜਵਾਨ
ਝੋਲੇਵਾਲਾ ਸਾਥੀ
ਰਾਜਸੀ ਨੇਤਾ
ਮੁੰਡਾ
ਥਾਣੇਦਾਰ
ਤਿੰਨ ਕਾਲਜ ਦੀਆਂ ਕੁੜੀਆਂ
ਇਕ ਬਜ਼ੁਰਗ
ਦੋ ਅਵਾਰਾ ਮੁੰਡੇ
ਸਤਨਾਮ ਸਿੰਘ
ਭਗਵਾਨ ਦਾਸ
ਤਿੰਨ ਵਾਪਾਰੀ
ਰਾਹਗੀਰ
ਪ੍ਰੋਫੈਸਰ
ਦਾਦੀ ਪੋਤਾ
ਦੋ ਮਜ਼ਦੂਰ
ਦੋ ਮਜ਼ਦੂਰਨੀਆਂ
ਕੋਹੜਾ
ਲੜਕੀ
ਸਿਪਾਹੀ
ਇੰਸਪੈਟਰ
ਅਰਥੀ ਚੁਕਣ ਵਾਲੇ
ਭੀੜ ਵਿਚ ਲੋਕ



# ਨੰਗਾ ਜ਼ਖਮ

**1990** ਦਾ ਸਾਲ ਸੰਸਾਰ ਭਰ ਵਿਚ ਵਿਸ਼ਵ ਇਸਤਰੀ ਵਰ੍ਹੇ ਵਜੋਂ ਮਨਾਇਆ ਗਿਆ ਸੀ। ਸੰਯੁਕਤ ਰਾਸ਼ਟਰ ਦੇ ਆਦੇਸ਼ ਅਨੁਸਾਰ ਹਰ ਮੁਲਕ ਵਿਚ ਇਸਤ੍ਰੀ ਜਾਤੀ ਦੀਆਂ ਸਮਸਿਆਵਾਂ ਬਾਰੇ ਸਾਲ ਭਰ ਲਈ ਪ੍ਰੋਗਰਾਮ ਉਲੀਕੇ ਗਏ ਸਨ। ਅਵਿਕਸਤ ਪੂਰਬੀ ਦੇਸਾਂ ਵਿਚ ਇਸਤਰੀ ਜਾਤੀ ਵਿਰੁਧ ਮਰਦ ਵਲੋਂ ਢਾਏ ਜਾ ਰਹੇ ਜ਼ੁਲਮਾਂ ਦੀ ਚਰਚਾ ਪਛਮੀ ਮਾਸ ਮੀਡੀਆ ਰਾਹੀਂ ਮਿਰਚ ਮਸਾਲੇ ਲਾ ਕੇ ਕੀਤੀ ਜਾਂਦੀ ਹੈ। ਪਰ ਉੱਨਤ ਪੱਛਮੀ ਮੁਲਕਾਂ ਵਿਚ ਵੀ ਇਸਤਰੀ ਵਿਰੁਧ ਅਪਰਾਧਾਂ ਦੀਆਂ ਹਿੰਸਕ ਘਟਨਾਵਾਂ ਅਤੇ ਬਲਾਤਕਾਰ ਦਿਨੋਂ ਦਿਨ ਵਧ ਰਹੇ ਹਨ। ਤਾਂ ਹੀ ਉਹਨਾਂ ਮੁਲਕਾਂ ਨੂੰ ਵਿਸ਼ਵ ਇਸਤਰੀ ਵਰ੍ਹੇ ਮਨਾਉਣ ਦੀ ਉਤੇਜਨਾ ਹੋਈ ਹੈ।

'ਨੰਗਾ ਜ਼ਖਮ' ਵਿਸ਼ਵ ਇਸਤਰੀ ਵਰ੍ਹੇ ਦੀ ਪ੍ਰੇਰਨਾ ਦਾ ਸਿੱਟਾ ਹੈ। 1993 ਵਿਚ ਇਹ ਸੰਪੂਰਨ ਰੂਪ ਵਿਚ ਲਿਖਿਆ ਗਿਆ ਸੀ। ਭਾਸ਼ਾ ਵਿਭਾਗ ਵਲੋਂ ਛਪ ਰਹੇ ਇਕਾਂਗੀ ਸੰਗ੍ਰਹਿ "1993 ਦੇ ਸਰਵੋਤਮ ਇਕਾਂਗੀ" ਵਿਚ 'ਨੰਗਾ ਜ਼ਖਮ' ਸ਼ਾਮਲ ਹੈ। ਮੰਚਣ ਆਰਟਸ ਐਂਡ ਰੀਸਰਚ ਸੈਂਟਰ ਵਲੋਂ ਅਗਸਤ 1995 ਵਿਚ ਛਪੀ ਪੁਸਤਕ "ਹਰਚਰਨ ਸਿੰਘ ਦੀ ਨਾਟਕ ਕਲਾ" ਵਿਚ ਮੇਰੀ ਮੌਲਕ ਤਾਜ਼ਾ ਰਚਨਾ ਵਜੋਂ ਸ਼ਾਮਲ ਕੀਤਾ ਗਿਆ ਹੈ।

ਇਸਤਰੀ ਜੀਵਨ ਉਤੇ ਹੋ ਰਹੇ ਅਤਿਆਚਾਰਾਂ ਅਤੇ ਹਿੰਸਕ ਵਾਰਦਾਤਾਂ ਦੀ ਸੂਚੀ ਬਹੁਤ ਲੰਮੀ ਹੈ। ਕੋਈ ਦਿਨ ਵੀ ਖਾਲੀ ਨਹੀਂ ਜਾਂਦਾ ਜਿਸ ਦਿਨ ਭਾਰਤ ਅੰਦਰ ਦਰਜਨਾਂ ਘਿਰਣਤ ਘਟਨਾਵਾਂ ਨਾ ਵਾਪਰਦੀਆਂ ਹੋਣ। ਨੰਨ੍ਹੀਆਂ ਮਾਸੂਮ ਬੱਚੀਆਂ ਨਾਲ ਬਲਾਤਕਾਰਾਂ ਦੀਆਂ ਹਿਰਦੇਵੇਦਕ ਬੁਰੀਆਂ ਖਬਰਾਂ ਪੜ੍ਹਕੇ ਮਨੁੱਖੀ ਗਿਰਾਵਟ ਦੀ ਅੰਤਮ ਚਰਮ ਸੀਮਾਂ ਸਾਹਮਣੇ ਆਉਂਦੀ ਹੈ।

ਉਂਜ ਤਾਂ ਮੁਢ ਕਦੀਮ ਤੋਂ ਖਾਸ ਕਰਕੇ ਲੜਾਈਆਂ ਭੜਾਈਆਂ ਵਿਚ ਔਰਤ ਸਦਾ ਜ਼ੁਲਮ ਦਾ ਸ਼ਿਕਾਰ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਨੇ ਬਾਬਰ ਬਾਣੀ ਵਿਚ ਬਾਬਰ ਦੇ ਹੱਲੇ ਸਮੇਂ ਇਸਤਰੀ ਜਾਤੀ ਦੀ ਦਿਲ ਕੰਬਾਊ ਦੁਰਦਸ਼ਾ ਦਾ ਅੱਖੀਂ ਡਿੱਠਾ ਹਾਲ ਦਰਜ ਕੀਤਾ ਹੈ। ਔਰਤ ਵਿਰੁਧ ਅਪਰਾਧਾਂ ਦੀ ਲੜੀ ਬਹੁਤ ਲੰਮੀ

ਹੈ। ਸੰਤਬਰ 1995 ਵਿਚ ਚੀਨ ਦੀ ਰਾਜਧਾਨੀ ਬੀਜਿੰਗ ਵਿਚ ਵਿਸ਼ਵ ਪੱਧਰ ਦੀ ਕਾਨਫਰੰਸ ਹੋਈ ਹੈ। ਉਸ ਤੋਂ ਇਸਤਰੀ ਜਾਤੀ ਉਤੇ ਅਤਿਆਚਾਰਾਂ ਦੀਆਂ ਵਾਰਦਾਤਾਂ ਉਘੜ ਕੇ ਸਾਹਮਣੇ ਆਈਆਂ ਹਨ। ਅਮਰੀਕਾ ਦੇ ਪਰਧਾਨ ਕਲਿੰਟਨ ਦੀ ਪਤਨੀ ਨੇ ਵੀ ਕਾਨਫਰੰਸ ਵਿਚ ਭਾਗ ਲਿਆ ਹੈ। ਇਸ ਤੋਂ ਕਾਨਫਰੰਸ ਦੀ ਮਹੱਤਤਾ ਅਤੇ ਗੰਭੀਰਤਾ ਦਾ ਅੰਦਾਜ਼ਾ ਲਗ ਸਕਦਾ ਹੈ।

ਸਮੱਸਿਆ ਅਤੀ ਗੰਭੀਰ ਅਤੇ ਗੁੰਜਲਦਾਰ ਹੈ। ਨਾਟਕਕਾਰ ਦਾ ਕੰਮ ਮਸਲੇ ਨੂੰ ਸੁਲਝਾਉਣਾ ਨਹੀਂ ਸਗੋਂ ਨਾਟਕੀ ਢੰਗ ਨਾਲ ਉਸ ਉਤੇ ਪਾਠਕਾਂ ਜਾਂ ਦਰਸ਼ਕਾਂ ਦਾ ਧਿਆਨ ਕੇਂਦਰਤ ਕਰਨਾ ਹੁੰਦਾ ਹੈ। ਭਾਰਤ ਵਿਚ ਔਰਤ ਵਿਰੁਧ ਅਪਰਾਧਾਂ ਦੀਆਂ ਤਾਜ਼ਾਂ ਘਟਨਾਵਾਂ ਅਜੇ ਤਕ ਅੱਲ੍ਹੇ ਜ਼ਖਮਾਂ ਵਾਂਗ ਪੀੜਤ ਕਰਦੀਆਂ ਹਨ। ਦਿੱਲੀ ਵਿਚ 1984 ਦੇ ਦੰਗਿਆਂ ਸਮੇਂ ਗੁਆਂਢੀ ਭਰਾਵਾਂ ਨੇ ਔਰਤਾਂ ਨਾਲ ਅਤੀ ਘਿਰਣਤ ਦੁਰਵਿਵਹਾਰ ਕੀਤਾ। ਇਸੇ ਤਰ੍ਹਾਂ ਭਾਗਲਪੁਰ, ਭਵਿੰਡੀ, ਗੁਜਰਾਤ ਆਦਿ ਥਾਵਾਂ ਤੇ ਮਾਸੂਮ ਨਿਰਦੋਸ਼ ਇਸਤਰੀਆਂ ਉਤੇ ਜ਼ੁਲਮ ਢਾਏ ਗਏ। ਪਹਿਲਾਂ ਪੰਜਾਬ ਵਿਚ ਅਤੇ ਹੁਣ ਕਸ਼ਮੀਰ ਅੰਦਰ ਇਸਤਰੀ ਵਿਰੁਧ ਜ਼ੋਰ ਜ਼ੁਲਮ ਦੀ ਲੜੀ ਜਾਰੀ ਹੈ।

''ਨੰਗਾ ਜ਼ਖਮ'' ਨੂੰ ਰੰਗ ਮੰਚ ਉਤੇ ਪੇਸ਼ ਕਰਨ ਦੇ ਦੋ ਯਤਨ ਹੋਏ ਹਨ। ਦੇਵ ਸਮਾਜ ਕਾਲਜ ਸੈਕਟਕਰ 36 ਦੀਆਂ ਲੜਕੀਆਂ ਦੀ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਪੇਸ਼ਕਾਰੀ ਕਾਫੀ ਸਲਾਹੀ ਗਈ ਸੀ।



# ਨੰਗਾ ਜ਼ਖਮ

ਸਥਾਨ . . . . ਇਕ ਸੁੰਦਰ ਸ਼ਹਿਰ
ਸਮਾਂ . . . . ਵਰਤਮਾਨ
ਵਕਤ . . . . ਸ਼ਾਮੀ 5 ਵਜੇ ਤੋਂ ਬਾਅਦ

ਪਰਦਾ ਉਠਦਾ ਹੈ, ਮੱਧਮ ਪ੍ਰਕਾਸ਼ ਵਿਚ ਦ੍ਰਖਤ ਦੇ ਸੁੱਕੇ ਮੁਢ ਵਾਂਗ ਇਕ ਛਾਇਆ ਚਿੱਤਰ (SILHOUETTE) ਦਿਖਾਈ ਦਿੰਦਾ ਹੈ। ਇਕ ਅੰਨ੍ਹਾ ਫਕੀਰ ਸੋਟੀ ਨਾਲ ਟੋਹਦਾ ਹੋਇਆ ਗਾਣਾ ਗਾਉਂਦਾ ਰੰਗ ਮੰਚ ਦੇ ਇਕ ਪਾਸੇ ਤੋਂ ਦੂਜੇ ਵਿੰਗ ਵਲ ਜਾਂਦਾ ਹੈ :

ਇਕ ਸੋਹਣੇ ਸ਼ਹਿਰ ਦੀ ਗਲ ਕੀਚੈ
ਜਿਥੇ ਮਾੜੀਆਂ ਅਪਰ ਅਪਾਰ ਹੈਸਨ।
ਝੁੱਗੀ ਝੌਂਪੜੀ ਦਾ ਕਿਤੇ ਅੰਤ ਨਾਹੀਂ
ਰਾਉ ਰੰਕ ਵਿਚ ਅੰਨ੍ਹੇ ਨੂੰ ਫਰਕ ਦਿੱਸੇ।
ਫੁੱਟੀ ਕਿਸਮਤ ਦੀ ਮਾਰੀ ਬੁਢੜੀ ਇਕ
ਖਿੰਗਰ ਵਾਂਗਰਾਂ ਖੜੀ ਚੌਰਾਹੇ ਉੱਤੇ।
ਪਿੰਡੇ ਓਸ ਦਾ ਦੇਖ ਕੇ ਜ਼ਖਮ ਨੰਗਾ
ਤਰ੍ਹਾਂ ਤਰ੍ਹਾਂ ਦੇ ਲੋਕ ਪ੍ਰਤੀਕਰਮ ਕਰਦੇ।
ਜ਼ਾਹਰਾ ਜਬਰ ਨੂੰ ਦੇਖਕੇ ਬੁਢੜੀ ਵੀ
ਬਾਗ਼ੀ ਰੂਹ ਦੇ ਵਾਂਗਰਾ ਰੋਸ ਕਰਦੀ।
ਜ਼ੋਰ ਜ਼ੁਲਮ ਦੀ ਜਦੋਂ ਵੀ ਹੱਦ ਹੁੰਦੀ
ਲੋਕ ਵਿੱਚ ਵਿਦਰੋਹ ਦੇ ਜਾਗ ਉਠਦੇ।

ਰੋਸ਼ਨੀ ਹੌਲੀ ਹੌਲੀ ਤੇਜ਼ ਹੁੰਦੀ ਹੈ।

ਮੰਚ ਦ੍ਰਿਸ਼ : ਸੁੰਦਰ ਸ਼ਹਿਰ ਦੀ ਇਕ ਮੁਖ ਸੜਕ ਦਾ ਚੌਰਾਹਾ। ਪਿਛੋਕੜ ਵਿਚ ਵਿਸ਼ਾਲ ਬਾਗ ਦਾ ਕੇਵਲ ਇਕ ਪਾਸਾ ਹੀ ਦਿਖਾਈ ਦਿੰਦਾ ਹੈ। ਸੜਕ ਤੋਂ ਥੋਹੜਾ ਪਿਛੇ ਹਟ ਕੇ ਇਕ ਸੁੱਕੇ ਦ੍ਰਖਤ ਲਾਗੇ ਅਸਲੋਂ ਖਸਤਾ ਹਾਲਤ ਵਿਚ ਇਕ ਬੇ-ਪਛਾਣ ਬੁੱਢੀ ਮਾਈ ਖੜ੍ਹੀ ਹੈ। ਉਸ ਦੇ ਚਿਹਰੇ ਦੀ ਇਕ ਇਕ ਝੁਰੜੀ ਦੁੱਖਾਂ ਗ਼ਮਾਂ ਨਾਲ ਅੱਟੀ ਹੋਈ ਹੈ। ਰੁੱਖੇ ਧੌਲੇ ਵਾਲ ਪਾਗਲ ਦੀ ਸੁਰਤ

ਵਾਂਗ ਖਿੰਡਰੇ ਹੋਏ ਹਨ।

ਬੁੱਢੜੀ ਦੀ ਫਟੀ ਪੁਰਾਣੀ ਮੈਲੀ ਕੁਚੈਲੀ ਕਮੀਜ਼ ਵਿਚੋਂ ਖੱਬੀ ਦੁੱਧੀ ਹੇਠ ਨੰਗਾ ਜ਼ਖਮ ਪ੍ਰਤਖ ਦਿਖਾਈ ਦਿੰਦਾ ਹੈ। ਰਿਸ ਰਹੇ ਜ਼ਖਮ ਉੱਤੇ ਮੱਖੀਆਂ ਭਿਣਕ ਰਹੀਆਂ ਹਨ। ਆਮ ਰਾਹਗੀਰ ਦਾ ਦੇਖਦੇ ਸਾਰ ਦਿਲ ਕੱਚਾ ਕੱਚਾ ਹੁੰਦਾ ਹੈ। ਉਹ ਝੱਟ ਮੂੰਹ ਦੂਜੇ ਪਾਸੇ ਨੂੰ ਫੇਰ ਲੈਂਦਾ ਹੈ, ਜਿਵੇਂ ਬੰਦਾ ਸੜ੍ਹਿਆਂਦ ਮਾਰਦੇ ਗੰਦਗੀ ਦੇ ਢੇਰ ਤੋਂ ਨਕ ਘੁਟ ਕੇ ਲੰਘਦਾ ਹੈ। ਫੇਰ ਵੀ ਉਸ ਨੂੰ ਦੇਖ ਕੇ ਹਰ ਲੰਘਣ ਵਾਲੇ ਦੇ ਮਨ ਵਿੱਚ ਵਖੋ ਵਖ ਤਰ੍ਹਾਂ ਦਾ ਪ੍ਰਤੀਕਰਮ ਪੈਦਾ ਹੁੰਦਾ ਹੈ। ਕਿਸੇ ਕਿਸੇ ਨੂੰ ਦੇਖ ਕੇ ਬੁੱਢੀ ਦੇ ਸੁੰਨ ਅਹਿਸਾਸਾਂ ਵਿਚ ਵੀ ਹਰਕਤ ਪੈਦਾ ਹੁੰਦੀ ਹੈ।

ਦਫਤਰ ਤੋਂ ਘਰ ਵਲ ਜਾ ਰਹੇ ਤਿੰਨ ਸਾਧਾਰਨ ਬਾਬੂ ਕੋਲੋਂ ਲੰਘਦੇ ਹਨ। ਇਕ ਦੇ ਹੱਥ ਵਿਚ ਦੁਪਹਿਰ ਦੀ ਰੋਟੀ ਲਈ ਡੱਬਾ ਅਤੇ ਰਾਹ ਵਿਚੋਂ ਸਬਜ਼ੀ ਲਿਜਾਣ ਲਈ ਕਪੜੇ ਦਾ ਥੈਲਾ ਹੈ। ਦੂਜੇ ਦੇ ਹੱਥ ਵਿਚ ਕਢਾਈ ਕੀਤਾ ਹੋਇਆ ਮੈਲਾ ਜਿਹਾ ਝੋਲਾ ਹੈ। ਦੇਖਣ ਨੂੰ ਦੂਜਾ ਦੋਹਾਂ ਸਾਥੀਆਂ ਨਾਲੋਂ ਖਸਤਾ ਹਾਲਤ ਵਿਚ ਹੈ। ਤੀਜੇ ਨੇ ਇਕੋ ਡੱਬੇ ਵਾਲਾ ਟਿਫਨ ਕੈਰੀਅਰ ਬੜੀ ਸ਼ਾਨ ਨਾਲ ਫੜਿਆ ਹੋਇਆ ਹੈ।

ਪਹਿਲਾ : (ਖੱਬੇ ਹੱਥ ਨਾਲ ਨਕ ਘੁਟ ਕੇ) ਊਂ ਹੂੰ! ਕਿੰਨੀ ਬੂ ਆ ਰਹੀ ਏ!

ਤੀਜਾ : (ਨਕ ਸੁਕੇੜ ਕੇ) ਸ਼ੀ ਸ਼ੀ! ਗੰਦੀ ਗਲੀਜ਼ ਬੁੱਢੀ ਸਵੇਰ ਦੀ ਇੱਥੇ ਖੜੀ ਬੀਮਾਰੀ ਫੈਲਾ ਰਹੀ ਏ।

ਦੂਜਾ : ਦੋਸਤੋ, ਇਹ ਵੀ ਤਾਂ ਸੋਚੋ ਇਸ ਗਰੀਬਣੀ ਦੀ ਦੁਰਦਸ਼ਾ ਦਾ ਕੌਣ ਜ਼ੁੰਮੇਵਾਰ ਐ।

ਪਹਿਲਾ : ਘਟੋ ਘਟ ਅਸੀਂ ਤਾਂ ਨਹੀਂ।

(ਪਹਿਲਾ ਤੀਜੇ ਵਲ ਦੇਖਕੇ ਵਿਅੰਗ ਨਾਲ ਹੱਸਦਾ ਹੈ।)

ਤੀਜਾ : ਏਸ ਬੇਸ਼ਰਮ ਨੂੰ ਮੈਂ ਕਈ ਜਗਾ ਖੜੀ ਦੇਖਿਐ।

ਪਹਿਲਾ : ਫੇਰ ਜ਼ਰੂਰ ਪਖੰਡਣ ਏ। ਅਜਕਲ ਮੰਗਤੇ ਬਹੁਤ ਚਾਲਬਾਜ਼ ਤੇ ਢੀਠ ਹੋ ਗਏ ਨੇ। ਕਈ ਕਈ ਤਰ੍ਹਾਂ ਦੇ ਅਸਟੰਟ ਰਚਦੇ ਨੇ। ਹੱਥਾਂ ਪੈਰਾਂ ਤੇ ਝੂਠਾ ਕੋੜ੍ਹ ਲਾਈ ਫਿਰਦੇ ਨੇ।

ਦੂਜਾ : (ਜੋ ਬੜੇ ਗਹੁ ਨਾਲ ਬੁੱਢੀ ਨੂੰ ਦੇਖ ਰਿਹਾ ਸੀ) ਓਏ ਅਕਲ



ਦਿਓ ਅੰਨ੍ਹਿਓ, ਜ਼ਰਾ ਗਹੁ ਨਾਲ ਤੱਕੋ। ਕੀ ਤੁਹਾਨੂੰ ਇਹ ਦੁਖੀਆ ਔਰਤ ਮੰਗਤੀ ਲਗਦੀ ਐ?

ਪਹਿਲਾ : ਮੰਗਤੀ ਨਹੀਂ ਤਾਂ ਹੋਰ ਤੈਨੂੰ ਭਗਤਣੀ ਲਗਦੀ ਏ।

(ਪਹਿਲਾ ਤੀਜੇ ਦੇ ਹੱਥ ਤੇ ਹੱਥ ਮਾਰਕੇ ਹੱਸਦਾ ਹੈ।)

ਦੂਜਾ : ਮੈਨੂੰ ਤਾਂ ਦਿੱਲੀ ਦੇ ਦੰਗਿਆਂ ਦੀ ਸ਼ਿਕਾਰ ਕੋਈ ਲਾਵਾਰਸ ਔਰਤ ਜਾਪਦੀ ਐ।

ਤੀਜਾ : ਕੀ ਭਾਗਲਪੁਰ ਦੀ ਲੁੱਟੀ ਪੁੱਟੀ ਵਿਧਵਾ ਨਹੀਂ ਹੋ ਸਕਦੀ?

ਪਹਿਲਾ : ਹੋ ਸਕਦਾ ਭਿਵੰਡੀ ਜਾਂ ਗੁਜਰਾਤ ਤੋਂ ਖੱਜਲ ਖੁਆਰ ਹੋ ਕੇ ਆਈ ਹੋਏ।

ਤੀਜਾ : (ਦੂਜੇ ਵਲ ਦੇਖ ਕੇ) ਮੁਮਕਨ ਹੈ ਪੰਜਾਬ ਦੇ ਅੱਤਵਾਦ ਦੀ ਸ਼ਿਕਾਰ ਹੋਵੇ।

ਦੂਜਾ : ਬਿਲਕੁਲ ਨਹੀਂ।

ਪਹਿਲਾ : ਵਾਂਹ! ਪੰਜਾਬ ਦੇ ਨਾਂ ਤੇ ਬੜੀ ਚਿੜ ਲੱਗੀ ਏ।

ਦੂਜਾ : ਚਿੜ ਦਾ ਸਵਾਲ ਨਹੀਂ। ਸਲਵਾਰ ਕਮੀਜ਼ ਦੀ ਕਾਟ ਤੋਂ ਪੰਜਾਬਣ ਨਹੀਂ ਲਗਦੀ।

ਤੀਜਾ : ਉਂਝ ਤਾਂ ਮੈਨੂੰ ਵੀ ਮੁਹਾਂਦਰੇ ਤੋਂ ਪੰਜਾਬਣ ਨਹੀਂ ਜਾਪਦੀ।

ਦੂਜਾ : ਮੁਹਾਂਦਰੇ ਦਾ ਅੰਦਾਜ਼ਾ ਕਿੱਦਾਂ ਲਗ ਸਕਦਾ। ਨੈਣ ਨਕਸ਼ ਤਾਂ ਮੈਲ ਹੇਠ ਲੁਕੇ ਹੋਏ ਐ।

ਪਹਿਲਾ : ਛਡੋ ਯਾਰੋ, ਕਿਤੋਂ ਦੀ ਹੋਵੇ ਆਪਾਂ ਕੀ ਲੈਣਾ ਦੇਣਾ। ਅਸੀਂ ਕਿਹੜਾ ਘਟ ਦੁਖੀ ਆਂ। ਬੱਚੇ ਘਰ ਰਾਸ਼ਨ ਉਡੀਕਦੇ ਹੋਣਗੇ।

ਤੀਜਾ : ਆਪਣਾ ਦੁਖ ਨਹੀਂ ਮੁਕਦਾ, ਦੂਜੇ ਦਾ ਕੀ ਵੰਡਾਈਏ।

ਦੂਜਾ : ਓਏ ਭਲੇਮਾਣਸੋ, ਇਹ ਦੱਸੋ ਮਨੁੱਖ ਤੇ ਪਸ਼ੂ ਵਿਚ ਕੀ ਫਰਕ ਹੁੰਦਾ?

ਪਹਿਲਾ : ਲੈ ਇਹ ਹੁਣ ਸਾਨੂੰ ਜੀਵ ਵਿਗਿਆਨ ਪੜ੍ਹਾਣ ਲੱਗਾ।

ਤੀਜਾ : ਅਕਲ ਤੇ ਸ਼ਕਲ ਦਾ ਹੋਰ ਕਾਹਦਾ।

ਦੂਜਾ : ਸੂਝ ਤੇ ਹਮਦਰਦੀ ਦਾ ਫਰਕ ਹੁੰਦਾ ਦੋਸਤੋ।

ਪਹਿਲਾ : ਓਏ ਹਾਤਮਤਾਈ ਦਿਆ ਪੁੱਤਰਾ, ਅਸੀਂ ਪਸ਼ੂ ਈ ਚੰਗੇ ਆਂ। ਤੂੰ ਬਹੁਤੀਆਂ ਘੁਣਤਰਾਂ ਨਾ ਕਢ। ਤੁਰਨ ਵਾਲੀ ਗੱਲ ਕਰ। ਘਰਵਾਲੀ ਤੇਰੀ ਜਾਨ ਨੂੰ ਰੋਂਦੀ ਹੋਣੀ ਐ। ਬਾਲ ਵਖਰੇ ਰਾਹ ਉਡੀਕਦੇ ਹੋਣਗੇ। ਚਲ।

ਦੂਜਾ : ਰਤਾ ਕੁ ਰੁਕੋ, ਹੁਣੇ ਚਲਦੇ ਆਂ।

ਤੀਜਾ : ਜੇ ਬਹੁਤਾ ਤਰਸ ਆਉਂਦਾ ਤਾਂ ਪਾਂ ਮਾਰੀ ਨੂੰ ਘਰ ਲੈ ਜਾ।

ਦੂਜਾ : ਅਫਸੋਸ, ਇਹ ਗੱਲ ਕਹਿੰਦਿਆਂ ਤੈਨੂੰ ਸ਼ਰਮ ਨਹੀਂ ਆਈ। ਅਸਲ 'ਚ ਤੁਹਾਡਾ ਵੀ ਕੋਈ ਕਸੂਰ ਨਹੀਂ। ਦੋਸਤੋ, ਬਾਬੂਪੁਣੇ ਨੇ ਸਾਡਾ ਸਭਨਾ ਦਾ ਮਚ ਮਾਰ ਦਿਤੈ।

ਤੀਜਾ : ਭਰਾਵਾ, ਸੱਚ ਕਹਿੰਦਾ ਏਂ। ਸਾਡੇ ਜਜ਼ਬੇ ਸੁੰਨ ਹੋ ਚੁੱਕੇ ਨੇ।

ਪਹਿਲਾ : ਓਇ ਛੱਡੋ ਝਗੜਾ, ਜ਼ਰਾ ਓਧਰ ਝਾਕੋ, ਦੇਖੋ ਨੌਜਵਾਨਾਂ ਦੇ ਜਜ਼ਬੇ ਕਿੱਦਾਂ ਠਾਠਾਂ ਮਾਰਦੇ ਨੇ।

ਤੀਜਾ : (ਦੂਜੇ ਨੂੰ ਬਾਹੋਂ ਫੜਕੇ) ਤੁਰ ਚੱਲੀਏ ਹੁਣ।

(ਦੂਜਾ ਬਾਬੂ ਬੁੱਢੀ ਵਲ ਮੁੜ ਮੁੜ ਕੇ ਦੇਖਦਾ ਜਾਂਦਾ ਹੈ। ਦੋ ਨੌਜਵਾਨ ਹੱਸਦੇ ਖੇਡਦੇ ਆਉਂਦੇ ਹਨ। ਉਹਨਾਂ ਦੇ ਪਿੱਛੇ ਪਿੱਛੇ ਇਕ ਖਾਕੀ ਝੋਲਾ ਮੋਢੇ ਲਟਕਾਈ ਅਧਖੜ ਉਮਰ ਦਾ ਬੰਦਾ ਆ ਰਿਹਾ ਹੁੰਦਾ ਹੈ।)

ਪਹਿਲਾ ਨੌਜਵਾਨ : ਕੀ ਗੱਲ ਏ, ਖਲੋ ਗਿਆਂ?

ਦੂਜਾ : ਓਧਰ ਵੇਖ, ਜੀਉਂਦੀ ਲਾਸ਼। ਘੋਰ ਦੁਖਾਂਤ।

ਪਹਿਲਾ : ਮੈਨੂੰ ਤਾਂ ਪਾਗਲ ਲਗਦੀ ਏ।

ਝੋਲੇ ਵਾਲਾ : ਦੋਸਤੋ, ਧੌਰੇ ਕਿੰਨੇ ਜ਼ੋਰ ਜ਼ੁਲਮ ਇਹਦੇ ਪਾਗਲਪੁਣੇ ਦੇ ਜ਼ੁੰਮੇਵਾਰ ਨੇ।

(ਦੋਵੇਂ ਨੌਜਵਾਨ ਓਪਰੇ ਬੰਦੇ ਵਲ ਗਹੁ ਨਾਲ ਦੇਖਦੇ ਹਨ।)

ਦੂਜਾ : ਵਿਚਾਰੀ ਦਾ ਜ਼ਖਮ ਨਾਸੂਰ ਬਣ ਗਿਆ ਏ।

ਪਹਿਲਾ : ਕਿੰਨੀ ਸੜ੍ਹਿਆਂਦ ਆ ਰਹੀ ਏ ਜ਼ਖਮ ਚੋਂ।

ਝੋਲੇਵਾਲਾ : ਪਰ ਨੌਜਵਾਨੋ, ਸ਼ਾਸਕਾਂ ਨੂੰ ਬੋ ਨਹੀਂ ਆਉਂਦੀ। ਉਹਨਾਂ ਦੀਆਂ ਅੱਖਾਂ, ਨੱਕ ਕੰਨ ਸਭ ਬੰਦ ਨੇ।

ਦੂਜਾ : ਗਰੀਬਣੀ ਦੀ ਸੁਰਤ ਟਕਾਣੇ ਨਹੀਂ ਲਗਦੀ।

ਝੋਲੇਵਾਲਾ : ਮਿਤਰੋ, ਅੱਖਾਂ ਸਾਹਮਣੇ ਘੋਰ ਅਪਰਾਧ ਦੇਖਕੇ ਕੀਹਦੀ ਸੁਰਤ ਟਿਕਾਣੇ ਰਹਿ ਸਕਦੀ ਏ।

ਪਹਿਲਾਂ : ਪੈਰਾਂ ਤੇ ਮਣ ਮਣ ਮੈਲ ਜੰਮੀ ਹੋਈ ਏ।

ਝੋਲੇਵਾਲਾ : ਇਹਦੇ ਬਿਆਈਆਂ ਪਾਟੇ ਪੈਰ ਅਣਗਿਣਤ ਕਹਿਰਾਂ ਦੀ ਸਾਖੀ ਭਰ ਰਹੇ ਨੇ।

(ਦੋਵੇਂ ਨੌਜਵਾਨ ਓਪਰੇ ਬੰਦੇ ਦੀ ਹਾਜ਼ਰ ਜਵਾਬੀ ਅਤੇ ਹਮਦਰਦੀ ਭਰੇ ਹੁੰਗਾਰੇ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ।)



ਦੂਜਾ ਨੌਜਵਾਨ : ਬਿਲਕੁਲ ਸਚ ਆਖ ਰਹੇ ਓ ਬਜ਼ੁਰਗ ਸਾਥੀ।

ਝੋਲੇਵਾਲਾ : ਜੁਆਨੋ, ਦਰਦ ਭਰੇ ਦਿਲ ਨਾਲ ਤਕੋ, ਇਹਦਾ ਜ਼ਖਮ ਮੂੰਹ ਬੋਲਦੀ ਦਾਸਤਾਨ ਦਸ ਰਿਹੈ। ਸ਼ਾਸਕਾਂ ਦੀ ਬੇਰਹਿਮੀ ਦੀ ਸਾਖੀ ਭਰ ਰਿਹੈ। ਜ਼ਰਾ ਓਧਰ ਦੇਖੋ, ਨੇਤਾ ਜੀ ਕਾਰ 'ਚੋਂ ਉਤਰਕੇ ਸ਼ਾਇਦ ਹਮਦਰਦੀ ਜਤਾਣ ਆ ਰਹੇ ਨੇ।

ਪਹਿਲਾ : ਮੈਨੂੰ ਤਾਂ ਰੋਅਬ ਜਮਾਣ ਆ ਰਿਹਾ ਲਗਦਾ।

(ਤਿੰਨੇ ਜਣੇ ਨੇਤਾ ਨੂੰ ਗਹੁ ਨਾਲ ਤਾੜਦੇ ਹਨ।)

ਨੇਤਾ : ਕਿਆ ਮਾਮਲਾ ਹੈ? ਕਿਉਂ ਘੇਰਾ ਪਾਈ ਖੜੇ ਹੋ?

ਝੋਲੇਵਾਲਾ : ਨੇਤਾ ਜੀ, ਤੁਹਾਨੂੰ ਕੁਝ ਦਿਖਾਈ ਨਹੀਂ ਦੇ ਰਿਹਾ, ਜ਼ਰਾ ਓਧਰ ਤੱਕੋ।

ਨੇਤਾ : ਥੂਹ! ਥੂਹ!! ਗੰਦੀ ਔਰਤ ਸ਼ਰੇ ਆਮ ਬਦਬੂ ਫੈਲਾ ਰਹੀ ਹੈ। ਵਾਤਾਵਰਣ ਭਰਿਸ਼ਟ ਕਰ ਰਹੀ ਹੈ। ਇਸ ਨੂੰ ਕੋਈ ਪੁੱਛਣ-ਗਿੱਛਣ ਵਾਲਾ ਨਹੀਂ?

ਝੋਲੇਵਾਲਾ : ਨੇਤਾ ਜੀ, ਪੁਛਣਾ ਗਿਛਣਾ ਤੇ ਜਨਤਾ ਦਾ ਦੁਖ ਵੰਡਾਣਾ ਸਭ ਤੁਹਾਡੀ ਜ਼ਿੰਮੇਵਾਰੀ ਐ। ਕਿਰਪਾ ਕਰੋ, ਗਰੀਬਣੀ ਨੂੰ ਕਾਰ ਵਿਚ ਬਿਠਾਕੇ ਹਸਪਤਾਲ ਪੁਚਾ ਦਿਉ।

ਨੇਤਾ : ਹੂੰ। ਮੈਂ ਤਾਂ ਅੱਗੇ ਹੀ ਬਹੁਤ ਲੇਟ ਹੋ ਗਿਆ ਹਾਂ। ਹਰੀਜਨ ਬਸਤੀ ਵਿਚ ਜਾ ਕੇ ਭਾਸ਼ਨ ਦੇਣਾ ਹੈ।

(ਝੋਲੇਵਾਲਾ, ਦੋਵੇਂ ਨੌਜਵਾਨ ਅਤੇ ਹੋਰ ਖੜੇ ਲੋਕ ਉਚੀ ਉਚੀ ਹੱਸਦੇ ਹਨ।)

ਨੇਤਾ : (ਪ੍ਰਤੀਕਰਮ ਵਜੋਂ ਮੁੜਕੇ) ਹਾਂ, ਮੈਂ ਇੰਨਾਂ ਕਰ ਸਕਦਾਂ, ਜਾਂਦੇ ਸਾਰ ਹੈਲਥ ਅਫ਼ਸਰ ਨੂੰ ਫੋਨ ਕਰ ਦਿਆਂਗਾ।

ਝੋਲੇਵਾਲਾ : (ਜਾ ਰਹੇ ਨੇਤਾ ਨੂੰ ਸੁਣਾਕੇ) ਸਾਥੀਓ, ਕੁਝ ਨੋਟ ਕੀਤਾ?

ਦੂਜਾ : ਜੀ ਨਹੀਂ!

ਝੋਲੇਵਾਲਾ : ਨੇਤਾ ਜੀ ਦਾ ਬੂਥਾ ਦੇਖਕੇ ਬੁੱਢੀ ਦੇ ਚਿਹਰੇ ਤੇ ਗੁੱਸੇ ਦੀ ਲਕੀਰ ਫਿਰ ਗਈ ਸੀ।

ਦੂਜਾ : ਫੇਰ ਜ਼ਰੂਰ ਇਹ ਗਰੀਬਣੀ ਕਿਸੇ ਸਿਆਸੀ ਲੀਡਰ ਦੇ ਜ਼ੁਲਮ ਦਾ ਸ਼ਿਕਾਰ ਏ।

ਨੇਤਾ : (ਸੁਣ ਕੇ ਮੁੜਦਾ ਹੋਇਆ) ਕੌਣ ਹੈਂ ਤੂੰ?

ਝੋਲੇਵਾਲਾ : ਕੋਈ ਸ਼ੱਕ ਏ। ਤੁਹਾਨੂੰ ਬੰਦਾ ਨਹੀਂ ਲਗ ਰਿਹਾ?

ਨੇਤਾ : ਤੂੰ ਜ਼ਰੂਰ ਵਖਵਾਦੀ ਅੱਤਵਾਦੀ ਹੈਂ। ਹੁਣੇ ਕਰਦਾਂ ਤੇਰਾ ਬੰਦੋਬਸਤ।

ਝੋਲੇਵਾਲਾ : ਬਸ ਇਹੋ ਹਥਿਆਰ ਰਹਿ ਗਿਆ ਏ ਤੁਹਾਡੇ ਪਾਸ। ਜ਼ਰਾ ਵੀ ਕਿਸੇ ਨੇ ਅਣਖ ਨਾਲ ਧੌਣ ਉਚੀ ਕੀਤੀ ਨਹੀਂ, ਤੁਸੀਂ ਝੂਠੀ ਤੋਹਮਤ ਲਾ ਕੇ ਉਹਨੂੰ ਧਮਕਾਇਆ ਜਾਂ ਫਸਾਇਆ ਨਹੀਂ।

(ਨੇਤਾ ਤਿੰਨਾਂ ਨੂੰ ਘੂਰਦਾ ਹੋਇਆ ਕੁਝ ਕਦਮ ਅੱਗੇ ਜਾਂਦਾ ਹੈ। ਨੇੜੇ ਚੌਂਕ ਵਿਚ ਖੜੇ ਇਕ ਸਿਪਾਹੀ ਨੂੰ ਇਸ਼ਾਰਾ ਕਰਦਾ ਹੈ। ਸਿਪਾਹੀ ਨੱਸਾ ਆਉਂਦਾ ਹੈ। ਸਾਰੇ ਉਸ ਵਲ ਦੇਖਦੇ ਹਨ।)

ਸਿਪਾਹੀ : (ਸਲੂਟ ਮਾਰ ਕੇ) ਹੁਕਮ ਸਰਕਾਰ।

ਨੇਤਾ : ਓਸ ਗੰਦੀ ਗਲੀਜ਼ ਮੰਗਤੀ ਨੂੰ ਦੋ ਡੰਡੇ ਟਕਾਕੇ ਲਾਂਭੇ ਕਰ। ਅਮਨ ਕਾਨੂੰਨ ਵਿਚ ਖਲਲ ਪਾ ਰਹੀ ਹੈ। ਔਰ ਉਹਨਾਂ ਸ਼ੱਕੀ ਨੌਜਵਾਨਾਂ ਨੂੰ ਠਾਣੇ ਲੈ ਚਲ। ਓਸ ਖੱਬੇ ਪੱਖੀ ਝੋਲੇ ਵਾਲੇ ਨੂੰ ਵੀ। ਮੈਂ ਹੁਣੇ ਜਾ ਕੇ ਠਾਣੇਦਾਰ ਨੂੰ ਫੋਨ ਕਰਦਾ ਹਾਂ।

ਪਹਿਲਾ : (ਹੌਲੀ) ਚਲ ਓਇ ਖਿਸਕ ਚੱਲੀਏ। ਕਿਤੇ ਸੱਚੀ ਮੁੱਚੀ ਫੜ ਕੇ ਠਾਣੇ ਨਾ ਲੈ ਜਾਵੇ।

ਦੂਜਾ : ਬਾਬਾ, ਅਜ ਕਲ ਪੁਲਸ ਤੋਂ ਡਰਨਾ ਚਾਹੀਦਾ, ਅੱਧਿਓਂ ਵਧ ਵਾਰਦਾਤਾਂ ਪੁਲਸ ਦੀ ਸ਼ਹਿ ਨਾਲ ਹੋ ਰਹੀਆਂ ਨੇ।

ਝੋਲੇਵਾਲਾ : ਦੋਸਤੋ, ਚਿੰਜੜੀ ਛੇੜ ਕੇ ਹੁਣ ਨਸਣਾ ਕਾਇਰਤਾ ਏ। ਠਾਣੇਦਾਰ ਆ ਕੇ ਨਿਰਦੋਸ਼ ਨੂੰ ਤੰਗ ਕਰੇਗਾ। ਜ਼ੁਲਮ ਹੁੰਦਾ ਦੇਖਕੇ ਚੁਪ ਚਾਪ ਖੜੇ ਰਹਿਣਾ ਵੀ ਜ਼ਾਲਮ ਦਾ ਸਾਥ ਦੇਣ ਬਰਾਬਰ ਏ।

ਦੂਜਾ : ਠੀਕ ਐ ਜੀ। ਆ ਲੈਣ ਦਿਉ। ਕੀ ਟੰਗ ਭੰਨ ਦੇਊ ਸਾਡੀ?

(ਝੋਲੇਵਾਲਾ ਦੋਹਾਂ ਨੌਜਵਾਨਾਂ ਨੂੰ ਇਕ ਪਾਸੇ ਕਰਕੇ ਕੁਝ ਸਮਝਾਉਂਦਾ ਹੈ। ਪਲਕੁ ਪਿਛੋਂ ਦੋ ਕੁੜੀਆਂ (ਉਮਰ 1 ਥ਼ ਸਾਲ) ਗੰਦੀਆਂ ਬੋਰੀਆਂ ਮੋਢੇ ਮਾਰੀ ਆਉਂਦੀਆਂ ਹਨ। ਉਹ ਢੇਰ ਕੂੜੇ ਤੋਂ ਕਾਗਜ਼ ਇਕੱਠੇ ਕਰਦੀਆਂ ਰੁਕ ਜਾਂਦੀਆਂ ਹਨ। ਦੋ ਅਵਾਰਾ ਜਿਹੇ ਮੁੰਡੇ ਜੋ ਉਹਨਾਂ ਦੇ ਮਗਰ ਲੱਗੇ ਹੋਏ ਸਨ, ਕੋਲ ਆ ਕੇ ਖੜੇ ਹੁੰਦੇ ਹਨ।)

ਪਹਿਲੀ ਕੁੜੀ : ਹਾਏ ਮੈਂ ਮਰ ਜਾਂ। ਸਵੇਰ ਦੀ ਭੁੱਖਣ ਭਾਣੀ ਐਥੇ ਖੜੀ ਆ।

ਦੂਜੀ : ਫੇਰ ਅਸੀਂ ਕਿਆ ਕਰੀਏ। ਖੌਰੇ ਕੌਣ ਐਂ।

ਪਹਿਲੀ : ਮੇਰੀ ਇਕ ਰੋਟੀ ਬਚਦੀ ਆ, ਚਿਤ ਕਰਦਾ ਏਹਨੂੰ ਦੇ ਦਿਆਂ।



ਪਹਿਲੀ : ਮੇਰੀ ਇਕ ਰੋਟੀ ਬਚਦੀ ਆ, ਚਿਤ ਕਰਦਾ ਏਹਨੂੰ ਦੇ ਦਿਆਂ।

ਦੂਜੀ : ਬਹੁਤਾ ਹੇਜ ਔਂਦਾ ਤਾਂ ਦੇ ਦੇ।

ਪਹਿਲੀ : ਏਹਦਾ ਮੁੜੰਗਾ ਮੇਰੀ ਮਾਂ ਨਾਲ ਰਲਦਾ। ਚਿਤ ਕਰਦਾ ਇਹਨੂੰ ਘਰ ਲੈ ਜਾਂ।

ਦੂਜੀ : ਕੌਣ ਰੋਕਦਾ, ਲੈ ਜਾ। ਨਾਲੇ ਮੋਈ ਮਾਂ ਦੀ ਥਾਂ ਪੂਰੀ ਹੋ ਜੂ।

ਪਹਿਲੀ : ਲੋਕ ਕਿਆ ਕਹਿਣਗੇ।

ਦੂਜੀ : ਕਹਿ ਦੇਈਂ, ਕਮਲੀ ਰਮਲੀ ਮਾਂ ਘਰੋਂ ਨਿਕਲ ਗਈ ਸੀ।

ਪਹਿਲੀ : (ਕੂਹਣੀ ਮਾਰਕੇ) ਨੀ, ਔਹ ਗੁੰਡਾ ਕਿੱਦਾਂ ਘੂਰ ਘੂਰ ਕੇ ਮੇਰੀ ਅਲ ਦੇਖੀ ਜਾਂਦਾ। ਜਿੰਦਾਂ ਮੂੰਹ 'ਚ ਪਾ ਲੈਣਾ ਹੁੰਦਾ।

ਦੂਜੀ : ਮੈਨੂੰ ਤਾਂ ਉੱਦਣ ਆਲੇ ਗੁੰਡੇ ਲਗਦੇ ਆ।

ਪਹਿਲੀ : ਸੱਚੀ ਮੈਨੂੰ ਤਾਂ ਡਰ ਲਗਦਾ।

ਦੂਜੀ : ਘਾਬਰ ਨਾ ਨੀ, ਰੌਲਾ ਪਾ ਦਿਆਂਗੀਆਂ, ਬਥੇਰੇ ਲੋਕ ਖੜੇ ਆ।

ਪਹਿਲੀ : ਲੈ ਓਧਰ ਨੂੰ ਦੇਖਣ ਲਗ ਪਏ। ਚਲ ਖਿਸਕ ਚਲੀਏ।

ਦੂਜੀ : ਚਲ ਆ।

ਪਹਿਲੀ : (ਕੁਝ ਯਾਦ ਕਰਕੇ) ਰਤਾ ਠਹਿਰ, ਮੈਂ ਰੋਟੀ ਦੇ ਆਮਾਂ।

(ਛੇਤੀ ਛੇਤੀ ਬੁੱਢੀ ਕੋਲ ਜਾਂਦੀ ਹੈ। ਉਸਦੇ ਹੱਥ ਰੋਟੀ ਫੜਾ ਦਿੰਦੀ ਹੈ। ਉਹ ਚੰਗੀ ਤਰ੍ਹਾਂ ਫੜਦੀ ਨਹੀਂ, ਭੁੰਜੇ ਡਿਗ ਪੈਂਦੀ ਹੈ। ਝਟਪਟ ਇਕ ਕੁੱਤਾ ਚੁਕ ਕੇ ਲੈ ਜਾਂਦਾ ਹੈ। ਉਹ ਤੁਰ ਪੈਂਦੀਆਂ ਹਨ। ਇਕ ਗੁੰਡਾ ਉਹਨਾਂ ਦਾ ਪਿੱਛਾ ਕਰਦਾ ਹੋਇਆ ਟੋਕਾਂ ਮਾਰਦਾ ਹੈ। ਸਾਥੀ ਉਸ ਨੂੰ ਧੌਣੋਂ ਫੜ ਲੈਂਦਾ ਹੈ। ਉਹ ਛੁਰਾ ਕਢਣ ਲਈ ਜੇਬ ਵਿਚ ਹੱਥ ਪਾਉਂਦਾ ਹੈ। ਦੋਵੇਂ ਨੌਜਵਾਨ ਝਟ ਪਟ ਉਸਦੀਆਂ ਬਾਹਾਂ ਕਾਬੂ ਕਰ ਲੈਂਦੇ ਹਨ। ਇੰਨੇ ਨੂੰ ਦੂਜਾ ਗੁੰਡਾ ਨਸ ਜਾਦਾ ਹੈ।)

ਗੁੰਡਾ : ਛਡ ਦਿਉ ਮੇਰੇ ਹੱਥ ਨਹੀਂ ਤਾਂ।

ਸਾਥੀ : ਨਹੀਂ ਤਾਂ ਕੀ ਕਰੇਂਗਾ ਓਏ।

ਗੁੰਡਾ : ਜ਼ਰਾ ਹਥ ਛਡੋ, ਫੇਰ ਦਸਦਾਂ ਥੁਆਨੂੰ।

ਪਹਿਲਾ ਨੌਜਵਾਨ : (ਉਹਦੇ ਥਪੜ ਮਾਰ ਕੇ ਜੇਬ ਵਿਚੋਂ ਛੁਰਾ ਕਢ ਲੈਂਦਾ ਹੈ) ਲਓ ਓਹ ਥਾਣੇਦਾਰ ਆ ਰਿਹੈ। ਇਹਨੂੰ ਪੁਲੀਸ ਦੇ ਹਵਾਲੇ ਕਰੋ

ਗੁੰਡੇ ਬਦਮਾਸ਼ ਨੂੰ। (ਥਾਣੇਦਾਰ ਆਉਂਦਾ ਹੈ। ਸਾਰੇ ਉਸ ਵਲ ਦੇਖਦੇ ਹਨ। ਗੁੰਡਾ ਇਕ ਦਮ ਅਖ ਬਚਾ ਕੇ ਖਿਸਕ ਜਾਂਦਾ ਹੈ। ਥਾਣੇਦਾਰ ਨੂੰ ਦੇਖ ਕੇ ਬੁੱਢੀ ਔਰਤ ਸੁੱਥਣ ਨੂੰ ਘੁਟਕੇ ਫੜ ਲੈਂਦੀ ਹੈ ਅਤੇ ਸਹਿਮੀ ਹੋਈ ਕੋਡੀ ਹੋ ਜਾਂਦੀ ਹੈ।

ਸਾਥੀ : (ਹੌਲੀ) ਦੇਖਿਆ ਬੁਢੀ ਦਾ ਪ੍ਰਤੀਕਰਮ। ਪੁਲੀਸ ਨੇ ਰਜ ਕੇ ਖਜਲ ਖੁਆਰ ਕੀਤੀ ਹੋਵੇਗੀ।

ਥਾਣੇਦਾਰ : (ਹੈਂਟਰ ਉਘਰ ਕੇ) ਲੋਕੋ, ਖਿਸਕੋ ਇਥੋਂ। ਕੱਠਾ ਹੋਣਾ ਮਨ੍ਹਾ ਹੈ।

ਸਾਥੀ : ਠਾਣੇਦਾਰ ਸਾਹਿਬ, ਕਰਫੀਊ ਕਦੋਂ ਦਾ ਲਗ ਗਿਆ?

ਥਾਣੇਦਾਰ : ਦਫ਼ਾ 144 ਲਗੀ ਹੋਈ ਹੈ।

ਸਾਥੀ : ਸਿਰਫ਼ ਸਕੱਤ੍ਰੇਤ ਦੇ ਆਲੇ ਦੁਆਲੇ।

ਥਾਣੇਦਾਰ : (ਇਕ ਗਰੀਬੜੇ ਜਿਹੇ ਬੰਦੇ ਨੂੰ ਹੈਂਟਰ ਦੀ ਹੁੱਝ ਮਾਰ ਕੇ) ਹਰਾਮੀਓ, ਜਾਂਦੇ ਓ ਕਿ ਨਹੀਂ!

ਸਾਥੀ : ਠਾਣੇਦਾਰ ਸਾਹਿਬ, ਕਿਉਂ ਗਰੀਬ ਮਾਰ ਕਰਦੇ ਓ, ਨਾਲੇ ਜ਼ੁਬਾਨ ਗੰਦੀ ਕਰ ਰਹੇ ਓ। ਜੇ ਲਾਵਾਰਸ ਦੁਖੀਆ ਨੂੰ ਦੇਖ ਕੇ ਹਮਦਰਦੀ ਵਜੋਂ ਖੜੇ ਗਏ ਆਂ ਤਾਂ ਇਸ ਵਿਚ ਕਿਹੜਾ ਜੁਰਮ ਹੋ ਗਿਆ।

ਥਾਣੇਦਾਰ : ਜੇ ਬਹੁਤ ਤਰਸ ਆਉਂਦਾ ਤਾਂ ਮਾਂ ਨੂੰ ਘਰ ਲੈ ਜਾਹ।

ਸਾਥੀ : ਫੇਰ ਠਾਣੇਦਾਰ ਸਾਹਿਬ, ਜਨਤਾ ਨੂੰ ਸ਼ਾਸ਼ਕਾਂ ਤੇ ਪੁਲੀਸ ਦੇ ਚਮਤਕਾਰਾਂ ਦਾ ਕਿੱਦਾਂ ਪਤਾ ਲੱਗੂ।

ਥਾਣੇਦਾਰ : ਓਏ ਲੱਭੂ, ਇਸ ਮਸ਼ਕੂਕ ਸਖਸ਼ ਨੂੰ ਕਾਬੂ ਕਰ ਔਰ ਠਾਣੇ ਲੈ ਚਲ।

ਸਾਥੀ : (ਬਿਨਾ ਡਰ ਭਉ ਤੋਂ) ਠਾਣੇਦਾਰ ਸਾਹਿਬ, ਪੁਛ ਸਕਦਾਂ ਕਿਸ ਜੁਰਮ ਬਦਲੇ?

ਥਾਣੇਦਾਰ : ਤੂੰ ਅਮਨ ਕਾਨੂੰਨ ਲਈ ਖਤਰਾ ਬਣਿਆ ਹੋਇਆ ਹੈਂ।

ਸਾਥੀ : ਆਹ ਦੇਖ ਲਉ ਲੋਕੋ, ਅਮਨ ਕਾਨੂੰਨ ਦੇ ਰਾਖੇ ਖੁਦ ਸ਼ਾਂਤੀ ਭੰਗ ਕਰ ਰਹੇ ਨੇ। ਉਲਟੀ ਵਾੜ ਹੀ ਖੇਤ ਨੂੰ ਖਾ ਰਹੀ ਏ।

ਥਾਣੇਦਾਰ : ਬਕਵਾਸ ਬੰਦ ਕਰ। ਕੈਂਚੀ ਵਾਂਗ ਜ਼ਬਾਨ ਚਲਦੀ ਹੈ ਤੇਰੀ। ਕੌਣ ਹੈਂ ਤੂੰ?

(ਉਹ ਝੋਲੇ ਵਿਚੋਂ ਆਪਣਾ ਸ਼ਿਨਾਖਤੀ ਪ੍ਰੈਸ ਕਾਰਡ ਕਢ ਕੇ ਦਿਖਾਂਦਾ ਹੈ। ਥਾਣੇਦਾਰ ਇਕ ਦਮ ਰੁਖ ਬਦਲ ਲੈਂਦਾ ਹੈ।)



ਥਾਣੇਦਾਰ : ਹੂੰ! ਠੀਕ ਹੈ।

ਸਾਥੀ : ਠਾਣੇਦਾਰ ਸਾਹਿਬ, ਇਕ ਮਿਹਰਬਾਨੀ ਕਰੋ, ਪੁਲਸ ਦੀ ਵੈਨ ਭੇਜੋ, ਇਸ ਨੂੰ ਹਸਪਤਾਲ ਪੁਚਾ ਦੇਈਏ।

ਥਾਣੇਦਾਰ : ਮੈਂ ਹੁਣੇ ਬੰਦੋਬਸਤ ਕਰਦਾ ਹਾਂ।

ਸਾਥੀ : ਤੁਹਾਡਾ ਫਰਜ਼ ਲੋਕਾਂ ਦੀ ਸੇਵਾ ਕਰਨ ਤੋਂ ਬਿਨਾ ਉਹਨਾਂ ਦੀ ਜਾਨ ਮਾਲ ਦੀ ਹਿਫ਼ਾਜ਼ਤ ਕਰਨਾ ਵੀ ਹੈ। (ਲੋਕੀਂ ਹੱਸਦੇ ਹਨ। ਥਾਣੇਦਾਰ ਘੂਰ ਕੇ ਉਹਨਾਂ ਵਲ ਦੇਖਦਾ ਹੈ। ਸਭ ਇਕ ਦਮ ਗੰਭੀਰ ਹੋ ਜਾਂਦੇ ਹਨ।)

ਸਾਥੀ : ਜੁਆਨੋ, ਜਾਇਓ ਨਾ ਮੈਂ ਪੰਜਾਂ ਸੱਤਾਂ ਮਿੰਟਾਂ 'ਚ ਆਇਆ।

ਪਹਿਲਾ : ਅਸੀਂ ਵੀ ਡਾਕਖਾਨੇ ਚਿੱਠੀਆਂ ਪਾ ਕੇ ਛੇਤੀ ਆਏ ਲਓ।

ਸਾਥੀ : ਆਪਾਂ ਇਹ ਮਾਮਲਾ ਨਜਿਠ ਕੇ ਹੀ ਜਾਵਾਂਗੇ।

ਦੋਵੇਂ : (ਜਾਂਦੇ ਜਾਂਦੇ) ਜ਼ਰੂਰ ਜ਼ਰੂਰ।

(ਤਿੰਨ ਚਾਰ ਲੜਕੀਆਂ ਕਿਤਾਬਾਂ ਹੱਥਾਂ ਵਿਚ ਫੜੀ ਕਿਸੇ ਪ੍ਰਾਈਵੇਟ ਕਾਲਜ ਤੋਂ ਪੜ੍ਹ ਕੇ ਆ ਰਹੀਆਂ ਕੋਲੋਂ ਦੀ ਲੰਘਦੀਆਂ ਹਨ। ਬੁੱਢੀ ਨੂੰ ਦੇਖ ਕੇ ਖੜੇ ਜਾਂਦੀਆਂ ਹਨ। ਉਹਨਾਂ ਦੇ ਵੇਸ ਭੇਸ ਤੋਂ ਹਰ ਇਕ ਦੀ ਹੈਸੀਅਤ ਦਾ ਸਾਫ਼ ਪਤਾ ਲਗਦਾ ਹੈ। ਉਹਨਾਂ ਵਿਚੋਂ ਇਕ ਕੁੜੀ ਸਾਧਾਰਣ ਸਫੈਦ ਲਿਬਾਸ ਵਿਚ ਬੁਢੜੀ ਵਲ ਬੜੇ ਗਹੁ ਨਾਲ ਦੇਖਦੀ ਹੈ।)

ਪਹਿਲੀ ਕੁੜੀ : ਹਾਏ ਮੈਨੂੰ, ਕੇਹੀ ਭੈੜੀ ਹਾਲਤ 'ਚ ਖੜੀ ਐ ਬਚਾਰੀ।

ਦੂਜੀ : (ਬੜੇ ਨਖਰੇ ਨਾਲ) ਬੇਸ਼ਰਮ, ਢਿਡ ਨੰਗਾ ਕਰਕੇ ਪਾਖੰਡ ਕਰਦੀ ਏ।

ਤੀਜੀ : (ਪਹਿਲੀ ਨੂੰ ਲਾ ਕੇ) ਨੀਂ, ਤੈਨੂੰ ਪਛਾਣਦੀ ਲਗਦੀ ਏ।

ਪਹਿਲੀ : ਹੋ ਸਕਦਾ ਇਹਨੂੰ ਆਪਣੀ ਧੀ ਦਾ ਭੁਝਕ ਲੱਗਾ ਹੋਵੇ।

ਤੀਜੀ : ਇਹਦੀ ਧੀ ਜ਼ਰੂਰ ਦੰਗਿਆਂ 'ਚ ਚੁੱਕੀ ਗਈ ਹੋਣੀ ਐਂ।

ਪਹਿਲੀ : ਤਾਂ ਹੀ ਬਚਾਰੀ ਦੀ ਸੁਰਤ ਮਾਰੀ ਹੋਈ ਐ ਮੈਨੂੰ ਤਾਂ ਬਹੁਤ ਤਰਸ ਆਉਂਦਾ।

ਦੂਜੀ : ਤਰਸ ਤੋਂ ਹੀ ਪਿਆਰ ਪੈਦਾ ਹੁੰਦਾ ਏ। ਹੁਣੇ ਹੀ ਸ਼ੈਕਸਪੀਅਰ ਪੜ੍ਹ ਕੇ ਆਈਆਂ।

ਪਹਿਲੀ : ਤੈਨੂੰ ਮਖੌਲ ਸੁਝਦੇ ਨੇ, ਮੇਰਾ ਦਿਲ ਬਹਿੰਦਾ ਜਾਂਦਾ। ਚਿਤ ਕਰਦਾ ਇਹਨੂੰ ਆਪਣੀ ਚੁੰਨੀ ਦੇ ਦਿਆਂ। ਮੱਖੀਆਂ ਸਾਹ ਨਹੀਂ ਲੈਣ ਦਿੰਦੀਆਂ।

ਦੂਰੋਂ ਇਕ ਬੈਂਡ ਦੇ ਵਜਣ ਦੀ ਆਵਾਜ਼ ਸੁਣਾਈ ਦਿੰਦੀ ਹੈ। ਵਿਆਹ ਸਮੇਂ ਨਾਲ ਸਬੰਧਤ ਧੁੰਨ ਵਜਦੀ ਹੈ।

ਤੀਜੀ ਕੁੜੀ : ਨੀਂ ਦੇਖੋ, ਦੇਖੋ!! ਕਿੱਦਾਂ ਖਿੜਪੁੜ ਗਈ ਏ।

ਦੂਜੀ ਤੇ ਤੀਜੀ : (ਉੱਚੀ ਉੱਚੀ ਤਾਲੀਆਂ ਮਾਰ ਕੇ ਹਸਦੀਆਂ ਹਨ) ਵਾਹ, ਵਾਹ!

ਪਹਿਲੀ : ਧੀ ਦੇ ਵਿਆਹ ਦੀ ਯਾਦ ਆ ਗਈ ਲਗਦੀ ਐ।

ਤੀਜੀ : ਤਾਹੀਉਂ ਚਿਹਰੇ ਤੇ ਰੌਣਕ ਆ ਗਈ ਏ।

(ਬੈਂਡ ਬੰਦ ਹੁੰਦਾ ਹੈ। ਗੁਆਂਢ ਵਿਚ ਕੁੜੀਆਂ ਗਿੱਧਾ ਪਾਂਦੀਆਂ ਸੁਣਾਈ ਦਿੰਦੀਆਂ ਹਨ।)

ਦੂਜੀ : ਦੇਖੋ ਨੀਂ, ਇਹ ਵੀ ਗਿੱਧਾ ਪਾਣ ਲਗ ਪਈ ਏ।

(ਬੁੱਢੀ ਗਿੱਧੇ ਦੀ ਤਾਲ ਨਾਲ ਤਾੜੀਆਂ ਵਜਾਂਦੀ ਅਤੇ ਨਚਦੀ ਹੈ। ਲੋਕੀਂ ਦੇਖ ਕੇ ਹੈਰਾਨ ਤੇ ਖ਼ੁਸ਼ ਹੁੰਦੇ ਹਨ। ਕਈ ਉਚੀ ਉਚੀ ਹੱਸਦੇ ਹਨ। ਪਹਿਲੀ ਕੁੜੀ ਹਮਦਰਦੀ ਨਾਲ ਦੇਖਦੀ ਹੈ।)

ਤੀਜੀ : ਹੈਂ! ਇਕ ਦਮ ਰੁਕ ਕਿਉਂ ਗਈ?

ਪਹਿਲੀ : ਖੌਰੇ ਧੀ ਦੇ ਉਧਾਲੇ ਦਾ ਖਿਆਲ ਆ ਗਿਆ ਹੋਵੇ।

(ਇਕ ਦਮ ਪਟਾਖੇ ਦੇ ਚਲੱਣ ਦੀ ਆਵਾਜ਼ ਆਉਂਦੀ ਹੈ। ਬੁੱਢੀ ਡੈਂਬਰ ਜਾਂਦੀ ਹੈ। ਉਸ ਨੂੰ ਭਿਆਨਕ ਸ਼ੋਰ ਸ਼ਰਾਬੇ ਦਾ ਡਰ ਅਨੁਭਵ ਹੁੰਦਾ ਲਗਦਾ ਹੈ।)

ਬੁਢੀ : ਨਾ ਮਾਰੋ, ਮੇਰੇ ਸਿਰ ਦੇ ਸਾਈਂ ਨੂੰ ਨਾ ਮਾਰੋ। ਅਸੀਂ ਥੁਹਾਡਾ ਕੀ ਵਗਾੜਿਆ। ਅਸੀਂ ਤਾਂ ਮਿਹਨਤ ਮਜ਼ੂਰੀ ਕਰਨ ਆਲੇ ਕਾਮੇ ਆਂ। (ਉਚੀ ਉਚੀ ਪਿਟਣ ਲਗ ਜਾਂਦੀ ਹੈ। ਪੱਟਾਂ ਤੇ ਹੱਥ ਮਾਰਕੇ) ਵੇ ਲੋਕੋ, ਬਹੁੜੋ ਜ਼ੁਲਮ ਦੀ ਹਦ ਹੋ ਗਈ! ਹਾਏ, ਮੇਰੀ ਧੀ ਨੂੰ ਚੁਕ ਕੇ ਲੈ ਗਏ ਹੈਂਸਿਆਰੇ, ਦਰਿੰਦੇ! ਪਾਪੀਓ, ਕਸਾਈਓ! ਥੁਹਾਡਾ ਕਖ ਨਾ ਰਹੇ।

ਬੈਠ ਕੇ ਕੀਰਨੇ ਪਾਣ ਲਗ ਜਾਂਦੀ ਹੈ।

ਪਹਿਲੀ : ਇਹਦੀ ਹਾਲਤ ਦੇਖ ਕੇ ਮੇਰਾ ਤਾਂ ਦਿਲ ਬਹਿੰਦਾ ਜਾਂਦਾ।

ਇਕ ਬਜ਼ੁਰਗ : ਬੀਬੀਓ, ਲਗਦਾ ਇਹ ਗਰੀਬਣੀ ਜਨੂੰਨੀ ਫਸਾਦਾਂ ਦੇ ਜ਼ੁਲਮ ਦਾ ਸ਼ਿਕਾਰ ਏ। ਵਸਦਾ ਰਸਦਾ ਘਰ ਛਡ ਕੇ ਆਈ ਲਗਦੀ ਏ।



ਪਹਿਲੀ : ਬਾਬਾ ਜੀ, ਮੈਨੂੰ ਵੀ ਇਸੇ ਤਰ੍ਹਾਂ ਲਗਦਾ।

ਤੀਜੀ : ਨੀਂ, ਸਚ ਮੁਚ ਰੋਂਦੀ ਰੋਂਦੀ ਤੇਰੇ ਵਲ ਦੇਖੀ ਜਾਂਦੀ ਏ।

ਪਹਿਲੀ : ਮੈਂ ਤਾਂ ਘਰ ਜਾ ਕੇ ਭਰਾ ਨੂੰ ਭੇਜਦੀਆਂ। ਕਿਸੇ ਨਾਰੀ ਨਿਕੇਤਨ 'ਚ ਪੁਚਾ ਆਵੇ।

ਦੂਜੀ : ਕਿਸੇ ਪਿਛਲੇ ਜਨਮ ਦਾ ਸਬੰਧ ਜਾਪਦਾ ਤੇਰੇ ਨਾਲ।

ਤੀਜੀ : ਨੀਂ, ਸਚ ਮੁਚ ਰੋਂਦੀ ਰੋਂਦੀ ਤੇਰੇ ਵਲ ਦੇਖੀ ਜਾਂਦੀ ਏ।

ਪਹਿਲੀ : ਸਚ ਮੁਚ, ਮੇਰਾ ਦਿਲ ਵੀ ਧੁਰ ਤਹਿ ਤਕ ਹਿਲ ਗਿਆ ਏ।

(ਦੋ ਸੂਟਿਡ ਬੂਟਿਡ ਅਵਾਰਾ ਜਿਹੇ ਮੁੰਡੇ ਕੁੜੀਆਂ ਲਾਗੇ ਆਣ ਖਲੋਂਦੇ ਹਨ।)

ਦੂਜੀ : ਚਲੋ ਨੀਂ, ਖਿਸਕ ਚੱਲੀਏ।

ਤੀਜੀ : ਬੇਸ਼ਰਮ ਉਹੋ ਨੇ ਜਿਹੜੇ ਪਰਸੋਂ ਕਾਲਜ ਅੱਗੇ ਖੜੇ ਸੀ।

ਪਹਿਲੀ : ਡਰਦੀਆਂ ਕਿਉਂ ਓ। ਕਿਤੇ ਮੂੰਹ 'ਚ ਤਾਂ ਨਹੀਂ ਪਾਣ ਲੱਗੇ।

ਪਹਿਲਾ ਮੁੰਡਾ : ਸੁਹਣਿਉਂ ਤੁਰ ਕਿਉਂ ਪਏ।

(ਪਹਿਲੀ ਕੁੜੀ ਘੂਰ ਕੇ ਉਹਨਾਂ ਵਲ ਦੇਖਦੀ ਹੈ।)

ਦੂਜਾ ਮੁੰਡਾ : ਹਾਏ! ਮਾਰ ਦੀਆਂ ਤਿਰਛੀ ਨਗਾਹੋਂ ਨੇ।

ਪਹਿਲੀ : ਪਹਿਲਾਂ ਆਪਣਾ ਬੂਥਾ ਦੇਖ ਜਾ ਕੇ ਸ਼ੀਸ਼ੇ 'ਚ।

ਪਹਿਲਾ ਮੁੰਡਾ : ਬੂਥਾ ਤਾਂ ਤੇਰੇ ਨੈਣ ਨਕਸ਼ ਵੰਨੀ ਝਾਕਦਾ।

ਪਹਿਲੀ ਕੁੜੀ : (ਪੈਰ ਵਲ ਹੱਥ ਲਿਜਾਕੇ) ਆਹ ਛਿੱਤਰ ਦੀਹਦਾ।

ਬਜ਼ੁਰਗ : ਜੁਆਨੋ, ਲਗਦੇ ਤਾਂ ਤੁਸੀਂ ਭਲੇ ਘਰਾਂ ਦੇ ਸ਼ਰੀਫਜ਼ਾਦੇ ਓ।

ਪਹਿਲਾ : (ਸੁਣੀ ਅਣਸੁਣੀ ਕਰਕੇ) ਓਧਰ ਦੇਖ ਓਇ, ਸੁੰਨ ਮੁੰਨ ਲਾਸ਼ 'ਚ ਜਾਨ ਪੈ ਗਈ।

ਦੂਜਾ : ਮੈਨੂੰ ਤਾਂ ਏਹਤੋਂ ਡਰ ਲਗਦਾ। ਕਿੱਦਾਂ ਸੂਈ ਕੁੱਤੀ ਵਾਂਗ ਘੂਰ ਘੂਰ ਕੇ ਦੇਖਦੀ ਐ।

ਪਹਿਲਾ : ਤੇਰਾ ਬੂਥਾ ਜ਼ਰੂਰ ਕਿਸੇ ਗੁੰਡੇ ਨਾਲ ਮਿਲਦਾ ਹੋਣਾ।

ਦੂਜਾ : (ਪਹਿਲੇ ਮੁੰਡੇ ਦੇ ਪਿਛੇ ਹੋ ਕੇ) ਮੈਨੂੰ ਤਾਂ ਡਰ ਲਗਦਾ, ਕਿਤੇ ਇੱਟ ਵੱਟਾ ਨਾ ਚੁੱਕ ਕੇ ਮਾਰੇ।

ਪਹਿਲਾ : ਓਏ ਸਚਮੁਚ, ਤੈਨੂੰ ਸਖਤ ਕਹਿਰ ਭਰੀ ਨਜ਼ਰ ਨਾਲ ਤਾੜ ਰਹੀ ਏ।

ਦੂਜਾ : ਮੈਂ ਤਾਂ ਨਸ ਚਲਿਆਂ।

(ਪਹਿਲਾ ਵੀ ਮਗਰੇ ਦੌੜ ਜਾਂਦਾ ਹੈ।)

ਪਹਿਲੀ : ਬਾਪੂ ਜੀ, ਤੁਹਾਡਾ ਧੰਨਵਾਦ।

ਬਜ਼ੁਰਗ : ਕੁੜੀਓ, ਦੁਨੀਆਂ ਡਰਦਿਆਂ ਨੂੰ ਡਰਾਉਂਦੀ ਐ। ਸਖਤੀਆਂ ਬਣੋ। ਚੋਰ ਤੇ ਗੁੰਡੇ ਦੇ ਪੈਰ ਨਹੀਂ ਹੁੰਦੇ। ਅਗੋਂ ਜੁੱਤੀ ਚੁਕ ਲਿਆ ਕਰੋ।

ਪਹਿਲੀ : ਬਾਬਾ ਜੀ, ਅਗੋਂ ਤੋਂ ਇੱਦਾਂ ਈ ਕਰਾਂ ਗੀਆਂ। (ਕੁੜੀਆਂ ਚਲੀਆਂ ਜਾਂਦੀਆਂ ਹਨ। ਸ਼ਾਮ ਦੀ ਸੈਰ ਨੂੰ ਨਿਕਲੇ ਦੋ ਬਜ਼ੁਰਗ ਦਿਖਾਈ ਦਿੰਦੇ ਹਨ। ਉਹਨਾਂ ਦੇ ਹੱਥਾਂ ਵਿਚ ਸੋਟੀਆਂ ਹਨ। ਇਕ ਬਜ਼ੁਰਗ ਕਿੰਨਾ ਚਿਰ ਬੁੱਢੀ ਵਲ ਦੇਖਦਾ ਹੋਇਆ ਥਾਂ ਹੀ ਬੈਠ ਜਾਂਦਾ ਹੈ।)

ਪਹਿਲਾ ਬਜ਼ੁਰਗ : ਭਾਈਆ, ਕੀ ਹੋਇਆ ਤੈਨੂੰ? ਬੈਠ ਕਿਉਂ ਗਿਆਂ। ਦੇਖੀ ਕਿਤੇ ਦਿਲ ਤਾਂ ਟਕਾਣੇ ਐ?

ਦੂਜਾ : ਓਸ ਲਾਵਾਰਸ ਔਰਤ ਨੂੰ ਦੇਖ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ।

ਪਹਿਲਾ : ਮੈਂ ਤਾਂ ਉੱਧਰ ਝਾਕ ਵੀ ਨਹੀਂ ਸਕਦਾ। ਦਿਲ ਕੱਚਾ ਹੁੰਦਾ ਏ।

ਦੂਜਾ : ਭਗਵਾਨ ਦਾਸਾ! ਤੈਨੂੰ ਸੇਕ ਨਹੀਂ ਲੱਗਾ ਲਗਦਾ ਤਾਂ ਹੀ ਤੇਰਾ ਦਿਲ ਕੱਚਾ ਹੁੰਦਾ। ਜਿਸ ਤਨ ਲੱਗੇ ਉਹੀ ਦੂਜੇ ਦਾ ਦੁਖ ਜਾਣ ਸਕਦੈ।

ਪਹਿਲਾ : ਭਲਾ ਕਿਸ ਧਰਮ ਦੀ ਹੋਵੇਗੀ?

ਦੂਜਾ : ਗਰੀਬਾਂ ਦੁਖੀਆਂ ਦਾ ਇੱਕੋ ਧਰਮ ਹੁੰਦਾ।

ਪਹਿਲਾ : ਭਾਈਆ, ਤਾਂ ਹੀ ਤਾਂ ਹੁਣ ਤਕ ਕੋਈ ਮਦਦ ਲਈ ਨਹੀਂ ਬਹੁੜਿਆ। ਜੇ ਹਿੰਦੂ ਧਰਮ ਦੀ ਹੁੰਦੀ ਤਾਂ ਕਿਸੇ ਹਮਦਰਦ ਨੇ ਮੰਦਰ ਪੁਚਾ ਦੇਣਾ ਸੀ। ਜੇ ਸਿਖ ਇਸਤਰੀ ਹੁੰਦੀ ਤਾਂ ਹੁਣ ਤਕ ਗੁਰਦਵਾਰੇ ਪੁੱਜੀ ਹੁੰਦੀ।

ਦੂਜਾ : ਭਗਵਾਨ ਦਾਸਾ, ਅਜੋਕੇ ਪੰਜਾਬ ਦਾ ਏਹੋ ਦੁਖਾਂਤ ਹੈ।

ਪਹਿਲਾ : ਕਿਹੜਾ ਦੁਖਾਂਤ?

ਦੂਜਾ : ਹਿੰਦੂ, ਮੁਸਲਮਾਨ, ਸਿਖ, ਈਸਾਈ ਫਿਰਦੇ ਨੇ, ਪੰਜਾਬੀ ਕੋਈ ਨਹੀਂ ਰਿਹਾ, ਗੁਰੂ ਨਾਨਕ ਦੇ ਬੋਲ ਮੁੜ ਸਿਧ ਹੋ ਰਹੇ ਨੇ – ਨਾ ਕੋ ਹਿੰਦੂ ਨਾ ਮੁਸਲਮਾਨ।

ਪਹਿਲਾ : ਸਤਨਾਮ ਸਿਆਂ, ਇਹ ਤਾਂ ਬਿਲਕੁਲ ਸਚ ਐ। ਇਨਸਾਨੀਅਤ ਖਤਮ ਹੋ ਗਈ ਲਗਦੀ ਏ।



ਦੂਜਾ : ਬਾਬਰ ਬਾਣੀ ਵਿਚ ਬਾਬੇ ਨਾਨਕ ਨੇ ਸਮਾਜ ਦਾ ਸਹੀ ਨਕਸ਼ਾ ਖਿਚਿਆ ਸੀ।

ਪਹਿਲਾ : ਬਾਬੇ ਨਾਨਕ ਦੀ ਬਾਣੀ ਅਜ ਵੀ ਸਚ ਐ।

ਦੂਜਾ : ਭਗਵਾਨ ਦਾਸਾ, ਇਹ ਔਰਤ ਮਨੁੱਖੀ ਗਿਰਾਵਟ ਦਾ ਪ੍ਰਤੱਖ ਪ੍ਰਮਾਣ ਏ।

ਪਹਿਲਾ : ਤੇਰਾ ਕਿਆਸ ਠੀਕ ਹੀ ਜਾਪਦਾ। ਇਹ ਬੁੱਢੀ ਫਿਰਕੂ ਦੰਗਿਆਂ ਦਾ ਸ਼ਿਕਾਰ ਲਗਦੀ ਐ।

ਦੂਜਾ : ਲਗਦਾ ਨਹੀਂ ਭਗਵਾਨ ਦਾਸਾ ਹੈ। ਗਮ ਤੇ ਡਰ ਨੇ ਇਹਦੇ ਅਹਿਸਾਸ ਸੁੰਨ ਕਰ ਦਿੱਤੇ ਨੇ। ਜ਼ਰਾ ਗਹੁ ਨਾਲ ਵੇਖ।

ਪਹਿਲਾ : ਸਤਨਾਮ ਸਿਆਂ, ਤੂੰ ਬਹੁਤਾ ਈ ਸੈਂਸੇਟਿਵ ਏਂ।

ਦੂਜਾ : ਭਗਵਾਨ ਦਾਸਾ, ਮੇਰੇ ਨਾਲ ਇਹ ਭਾਣਾ ਵਰਤ ਚੁੱਕੈ। ਇਹ ਬੁੱਢੇ ਹਡ ਅੰਤਾਂ ਦਾ ਕਹਿਰ ਹੰਢਾ ਚੁੱਕੇ ਨੇ।

ਪਹਿਲਾ : ਭਰਾਵਾ, ਅਸੀਂ ਵੀ ਤਾਂ ਸਦੀਆਂ ਤੋਂ ਵਸਦੇ ਰਸਦੇ ਘਰਾਂ 'ਚੋਂ ਉਜੜ ਕੇ ਆਏ ਆਂ। ਸਾਨੂੰ ਹੀ ਪਤਾ ਜੋ ਸਾਡਾ ਮਾਲੀ ਨੁਕਸਾਨ ਹੋਇਆ।

ਦੂਜਾ : ਭਗਵਾਨ ਦਾਸਾ, ਮਾਲੀ ਨੁਕਸਾਨ ਪੂਰਾ ਹੋ ਸਕਦਾ। ਸਮਾਂ ਪਾ ਕੇ ਸਰੀਰ ਦੇ ਫਟ ਵੀ ਭਰ ਜਾਂਦੇ ਨੇ। ਪਰ ਮਨ ਤੇ ਪਈਆਂ ਝਰੀਟਾਂ ਦੇ ਦਾਗ ਜਨਮ ਭਰ ਨਹੀਂ ਮਿਟਦੇ।

ਪਹਿਲਾ : ਇਸ ਗਲੋਂ ਕੌਣ ਇਨਕਾਰੀ ਏ।

ਦੂਜਾ : ਸਚ ਜਾਣ. . .ਵਿਧਵਾਵਾਂ ਦੇ ਕੀਰਣੇ, ਯਤੀਮਾਂ ਦੀਆਂ ਚੀਕਾਂ ਪੁਕਾਰਾਂ, ਬਾਲਾਂ ਦੇ ਡ਼ਰ ਭਰੇ ਹਉਕੇ ਅਜੇ ਤਕ ਮੇਰੇ ਕੰਨਾਂ ਵਿਚ ਗੂੰਜਦੇ ਨੇ। ਮਨ ਵਿਚ ਡਰਾਉਣੇ ਸੁਫਨਿਆਂ ਵਾਂਗ ਘੁੰਮਦੇ ਨੇ। ਦਿਲ ਦੀਆਂ ਪਰਤਾਂ ਨੂੰ ਕੰਬਾ ਰਹੇ ਨੇ।

ਪਹਿਲਾ : ਭਰਾਵਾ, ਮੈਂ ਤੇ ਤੂੰ ਕਰ ਵੀ ਕੀ ਸਕਦੇ ਆਂ। ਸਿਵਾਏ ਕਲਪਣ ਤੋਂ।

ਦੂਜਾ : ਕਿਉਂ ਨਹੀਂ ਕਰ ਸਕਦੇ। ਸ਼ਾਸਕਾਂ ਦੇ ਬੂਹਿਆਂ ਨਾਲ ਆਪਣੇ ਸਿਰ ਤਾਂ ਭੰਨ ਸਕਦੇ ਆਂ।

ਪਹਿਲਾ : ਅਗੋਂ ਅਗਲਿਆਂ ਗੋਲੀ ਕਢ ਮਾਰਨੀ ਏ।

ਦੂਜਾ : ਭਗਵਾਨ ਦਾਸਾ, ਗੋਲੀ ਦੀ ਪਾਲਿਸੀ ਨਾਲ ਕਦੇ ਸ਼ਾਂਤੀ ਸਥਾਪਤ ਨਹੀਂ ਹੋਣੀ।

ਪਹਿਲਾ : (ਦੂਜੇ ਦੇ ਮੋਢੇ ਤੇ ਹੱਥ ਰੱਖਕੇ) ਚਲ ਸੈਰ ਨੂੰ ਚੱਲੀਏ। ਤਲਖ

ਯਾਦਾਂ ਨੂੰ ਬਾਗ ਦੀ ਤਾਜ਼ਾ ਹਵਾ ਨਾਲ ਭੁਲਾਉਣ ਦਾ ਯਤਨ ਕਰੀਏ।

ਦੂਜਾ : ਭਗਵਾਨ ਦਾਸਾ, ਇਸ ਬਦਕਿਸਮਤ ਔਰਤ ਨੂੰ ਦੇਖ ਕੇ ਮੇਰੇ ਆਠਰੇ ਜ਼ਖਮ ਮੁੜ ਹਰੇ ਹੋ ਗਏ ਨੇ। ਅੱਖਾਂ ਸਾਹਮੇਂ ਫਿਰਕੂ ਦੰਗਿਆਂ ਦਾ ਖੂਨੀ ਸਾਕਾ ਮੁੜ ਸਾਕਾਰ ਹੋ ਗਿਆ।

ਪਹਿਲਾਂ : ਉਹ ਵੀ ਤੇਰੇ ਵਲ ਦੇਖੀ ਜਾਂਦੀ ਏ। ਭਾਈਆ, ਤੈਨੂੰ ਪਛਾਣਦੀ ਲਗਦੀ ਏ।

ਦੂਜਾ : ਹੋ ਸਕਦਾ ਸਾਡੀ ਗਲੀ ਗੁਆਂਢ ਦੀ ਕੋਈ ਔਰਤ ਹੋਵੇ।

ਪਹਿਲਾ : ਜ਼ਰੂਰ ਕੋਈ ਭੇਦ ਭਰੀ ਗਲ ਏ।

ਦੂਜਾ : ਚਲ ਮੁੜ ਚੱਲੀਏ। ਕੋਈ ਪ੍ਰਬੰਧ ਕਰੀਏ, ਇਹਦੀ ਮਦਦ ਕਰਨ ਦਾ। ਕੁਝ ਤਾਂ ਮਨ ਨੂੰ ਢਾਰਸ ਮਿਲੇ।

ਪਹਿਲਾ : ਝਟ ਪਟ ਘੁੰਮ ਕੇ ਚਲਦੇ ਆਂ। ਥੋਹੜਾ ਬੋਝ ਤਾਂ ਲਾਹ ਲਈਏ ਮਨ ਤੋਂ।

ਦੂਜਾ : ਸਚ ਜਾਣ ਮੇਰਾ ਅਜ ਦਿਲ ਨਹੀਂ ਖਲੋਂਦਾ। ਸਰੀਰ ਡਿਗੂੰ ਡਿਗੂੰ ਕਰਦੈ।

ਪਹਿਲਾ : ਤੇਰਾ ਦਿਲ ਤਕੜਾ ਕਰਨ ਲਈ ਤਾਂ ਫੁਲ ਵੇਲ ਬੂਟੇ ਤੇਰੀ ਉਡੀਕ ਕਰ ਰਹੇ ਨੇ। ਉਹ ਫੁੱਲਾਂ ਦੀ ਕਿਆਰੀ ਵਲ ਝਾਕ ਦੇਖ ਕਿੱਦਾਂ ਹਸੂੰ ਹਸੂੰ ਕਰਦੇ ਨੇ। ਸਤਨਾਮ ਸਿਆਂ, ਕਿਆਸ ਕਰ ਜੇ ਕੁਦਰਤ ਨੇ ਫੁਲ ਵੇਲ ਬੂਟੇ ਨਾ ਉਗਾਏ ਹੁੰਦੇ ਤਾਂ ਮਾਨਵਜਾਤੀ ਦੀ ਕੀ ਦਸ਼ਾ ਹੁੰਦੀ।

(ਭਗਵਾਨ ਦਾਸ ਸਤਨਾਮ ਸਿੰਘ ਨੂੰ ਗੱਲੀ ਬਾਤੀਂ ਲੈ ਤੁਰਦਾ ਹੈ। ਬੁੱਢੀ ਉਹਨਾਂ ਵੱਲ ਦੇਖਦੀ ਰਹਿੰਦੀ ਹੈ। ਦੂਜੇ ਪਾਸਿਉਂ ਦੋ ਵਪਾਰੀ ਨਿੰਮੋਝੂਣੇ ਕੋਲ ਦੀ ਲੰਘਦੇ ਹਨ। ਭੀੜ ਨੂੰ ਦੇਖ ਕੇ ਖਲੋ ਜਾਂਦੇ ਹਨ।)

ਪਹਿਲਾ ਵਪਾਰੀ : ਇਹ ਲੋਕ ਚੁਪ ਚਾਪ ਕਿਉਂ ਖੜੇ ਨੇ?

ਦੂਜਾ : (ਦਿਲਕਵੇਂ ਲਿਬਾਸ ਵਾਲਾ) ਇਨ੍ਹਾਂ ਨੂੰ ਵੀ ਸਾਡੇ ਆਂਗ ਸੱਟੇ 'ਚੋਂ ਘਾਟਾ ਪਿਆ ਲਗਦਾ।

ਪਹਿਲਾ : ਸੌਣ ਦੇ ਅੰਨ੍ਹੇ ਨੂੰ ਚੌਹੀਂ ਪਾਸੀ ਹਰਾ ਹਰਾ ਹੀ ਦਿਖਾਈ ਦਿੰਦਾ।

ਦੂਜਾ : ਹੂੰ! ਉਸ ਜਨਾਨੀ ਦੇ ਢਿਡ ਵਲ ਦੇਖਦੇ ਨੇ ਸਾਰੇ।

ਪਹਿਲਾ : ਉਲੂਆ ਉਹਦੇ ਨੰਗੇ ਜ਼ਖਮ ਵਲ।



ਦੂਜਾ : ਮੈਨੂੰ ਤਾਂ ਕੋਈ ਪਾਖੰਡਣ ਮੰਗਤੀ ਲਗਦੀ ਏ।

ਪਹਿਲਾ : ਘਾਟੇ ਨੇ ਤੇਰੇ ਮਨ ਦੀ ਚੂਲ ਹਿਲਾ ਦਿੱਤੀ ਏ। ਗੌਹ ਨਾਲ ਦੇਖ ਕੋਈ ਦੁਖੀਆ ਏ ਵਿਚਾਰੀ।

ਦੂਜਾ : ਖੌਰੇ ਕਿਹੜੇ ਪਾਪਾਂ ਦਾ ਫਲ ਭੋਗ ਰਹੀ ਏ।

ਪਹਿਲਾਂ : ਫੇਰ ਤੂੰ ਜ਼ਰੂਰ ਅਗਲੇ ਜਨਮ 'ਚ ਖਸਰ ਖਾਧੇ ਕੁੱਤੇ ਦੀ ਜੂਨ ਪਵੇਂਗਾ। ਤੂੰ ਭਲਾ ਹੱਕ ਹਲਾਲ ਦੀ ਕਮਾਈ ਖਾਂਦਾ।

ਦੂਜਾ : ਪਤਾ ਨਹੀਂ ਕਿਸ ਮਨਹੂਸ ਦਾ ਮੂੰਹ ਦੇਖਿਆ ਸਵੇਰੇ ਸਵੇਰੇ। ਸਾਰੇ ਕੰਮ ਉਲਟ ਪੁਲਟ ਈ ਹੁੰਦੇ ਰਹੇ ਨੇ ਸਾਰਾ ਦਿਨ।

ਪਹਿਲਾ : ਯਾਦ ਕਰ ਕੀਹਦਾ ਮੂੰਹ ਦੇਖਿਆ ਸੀ।

ਦੂਜਾ : ਇਕ ਸਿਆਸੀ ਨੇਤਾ ਆਇਆ ਸੀ ਮੂੰਹ ਹਨੇਰੇ।

ਪਹਿਲਾ : ਕੀ ਲੈਣ?

ਦੂਜਾ : ਚੋਣ ਲਈ ਫੰਡ ਮੰਗਣ। ਬਦੋਬਦੀ ਹਜ਼ਾਰ ਦੀ ਗੁੱਥੀ ਜੇਬ 'ਚੋਂ ਕਢ ਕੇ ਲੈ ਗਿਆ।

ਪਹਿਲਾ : ਤਾਂਹੀਉਂ ਈ ਸਵੇਰ ਦੇ ਹਉਕੇ ਭਰਦਾਂ।

ਦੂਜਾ : ਹਉਕੇ ਕਿਆ ਭਰਨੇ ਨੇ। ਸਤੇ ਪਏ ਆਂ।

ਪਹਿਲਾ ਵਪਾਰੀ : ਸੱਤਾ ਦਾ ਕਸੂਰ ਐ ਸਾਰਾ।

ਦੂਜਾ : ਸਾਰੇ ਸੱਟਾ ਥੋੜ੍ਹਾ ਕਰਦੇ ਨੇ।

ਪਹਿਲਾ : ਓਏ ਸੱਟਾ ਨ੍ਹੀ, ਮੈਂ ਸੱਤਾ ਕਿਹਾ ਸੱਤਾ, ਮੌਜੂਦਾ ਸਰਕਾਰ ਨੂੰ ਕੋਸਦਾਂ।

ਦੂਜਾ : ਉਸ ਤੋਂ ਤਾਂ ਹਰ ਕੋਈ ਦੁਖੀ ਏ। ਭੱਠਾ ਬਿਠਾ ਦਿੱਤਾ ਮੁਲਕ ਦਾ।

ਪਹਿਲਾ : ਇਹਨਾਂ ਬੇਜ਼ਮੀਰਿਆਂ ਨੇ ਕਰੁਸੀ ਖਾਤਰ ਮੁਲਕ ਨੂੰ ਗਹਿਣੇ ਪਾ ਦਿੱਤਾ। ਇਨ੍ਹਾਂ ਨੂੰ ਦੇਸ ਨਾਲੋਂ ਸੁਆਰਥ ਪਿਆਰਾ ਏ।

ਦੂਜਾ : ਆ ਲੈਣ ਦੇ ਚੋਣਾਂ, ਲੋਕਾਂ ਨੇ ਇਨ੍ਹਾਂ ਨੂੰ ਧੋਬੀ ਦੇ ਪਟੜੇ ਤੇ ਪਟਕਾ ਮਾਰਨਾ।

ਪਹਿਲਾ : ਰੁਲਦੂ ਰਾਮਾ, ਗਲੀ ਦੇ ਨਲਕੇ ਤੋਂ ਮੂੰਹ ਧੋਕੇ ਘਰ ਵੜੀਂ।

ਦੂਜਾ : ਪਹਿਲਾਂ ਆਪਣਾ ਬੂਥਾ ਸ਼ੀਸ਼ੇ 'ਚ ਦੇਖ ਜਿੱਦਾਂ ਮਾਂ ਮਹਿੱਟਰ ਬਾਲ ਦੇ ਮੂੰਹ ਵਾਂਗ ਲਾਲਾਂ ਨਾਲ ਲਿਬੜਿਆ ਹੁੰਦਾ।

ਪਹਿਲਾ : ਔਸ ਬੁੱਢੀ ਮਾਈ ਨੂੰ ਮੱਥਾ ਟੇਕ, ਤੇਰਾ ਘਾਟਾ ਪੂਰਾ ਹੋ ਜਾਊਗਾ।

ਦੂਜਾ : ਤੂੰ ਦੇਵੀ ਮਾਂ ਨੂੰ ਖੜਾ ਦੇਖ ਮੈਂ ਚਲਿਆਂ।

ਪਹਿਲਾਂ : ਤੇਰੀ ਸੁਰਤ ਟਿਕਾਣੇ ਨਹੀਂ ਅਜ। ਬਸ ਹੇਠ ਆ ਕੇ ਮਰ ਜਾਏਂਗਾ। ਮੇਰਾ ਹੱਥ ਫੜ ਕੇ ਤੁਰ।

(ਦੂਜਾ ਵਪਾਰੀ ਸਗੋਂ ਸੜਕ ਵਿਚਕਾਰ ਚਲਾ ਜਾਂਦਾ ਹੈ। ਇਕ ਦੋਧੀ ਮੋਟਰ ਸਾਈਕਲ ਤੇ ਢੋਲ ਲੱਦੀ ਆਉਂਦਾ ਹੈ।)

ਦੋਧੀ : ਓਏ ਓਏ ਸੇਠਾ, ਹੋਸ਼ ਕਰ, ਹੁਣੇ ਜਾਹ ਜਾਂਦੀ ਹੋਣ ਲੱਗੀ ਸੀ।

ਪਹਿਲਾ : ਭਰਾਵਾ, ਮਾਫ ਕਰੀਂ, ਇਹਨੂੰ ਸੱਟੇ 'ਚੋਂ ਭਾਰੀ ਘਾਟਾ ਪਿਆ।

ਦੋਧੀ : ਫੇਰ ਕਿਸੇ ਬਸ ਨਾਲ ਟੱਕਰ ਮਾਰੇ। ਗਰੀਬ ਨੂੰ ਕਿਉਂ ਮਰਵਾਣ ਲੱਗਾ।

ਪਹਿਲਾ : (ਰੁਲਦੂ ਨੂੰ ਬਾਹੋਂ ਫੜਕੇ) ਐਧਰ ਇਕ ਪਾਸੇ ਹੋ ਕੇ ਚਲ ਰੁਲਦੂ।

ਦੋਧੀ ਲੋਕਾਂ ਦੀ ਭੀੜ ਦੇਖਕੇ ਮੋਟਰ ਸਾਈਕਲ ਤੋਂ ਉੱਤਰ ਪੈਂਦਾ ਹੈ।

ਦੋਧੀ : (ਸਾਥੀ ਨੂੰ) ਭਾਊ, ਕੌਣ ਏ ਇਹ ਦੁਖੀਆ ਬੁਢੜੀ।

ਸਾਥੀ : ਫਿਰਕੂ ਦੰਗਿਆਂ ਦੀ ਮਜ਼ਲੂਮ ਜਾਪਦੀ ਏ।

ਦੋਧੀ : ਕਿਸ ਸ਼ਹਿਰ ਦੇ ਫਸਾਦਾਂ ਦੀ?

ਸਾਥੀ : ਇਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

ਦੋਧੀ : (ਲੋਕਾਂ ਨੂੰ ਸੰਬੋਧਨ ਕਰਕੇ) ਬੇਦਰਦੋ, ਖੜੇ ਤਮਾਸ਼ਾ ਕੀ ਦੇਖਦੇ ਓ। ਕੋਈ ਚਾਰਾਜੋਈ ਕਰੋ।

ਇਕ ਬੰਦਾ : ਕੌਣ ਰਾਹ ਜਾਂਦੀ ਬਲਾ ਆਪਣੇ ਗਲ ਪਵਾਵੇ।

ਦੋਧੀ : ਨਿਰਮੋਹੇ ਸ਼ਹਿਰੀਓ, ਆਪੂ ਕਸ਼ਟ ਝਲਕੇ ਈ ਦੂਜੇ ਦਾ ਦੁਖ ਕਟ ਹੁੰਦਾ।

ਸਾਥੀ : ਸ਼ਾਬਾਸ਼ੇ, ਗਰੀਬਣੀ ਨੂੰ ਦੁਧ ਪਿਆ, ਭੁੱਖੀ ਅਸੀਸਾਂ ਦੇਊਗੀ ਤੈਨੂੰ।

ਦੋਧੀ : ਭਾਊ, ਪੀਣ ਵਾਲੀ ਬਣੇ, ਦੁਧ ਦਾ ਘਾਟਾ।

ਸਾਥੀ : ਕੋਸ਼ਿਸ਼ ਤਾਂ ਕਰ।

(ਦੋਧੀ ਢੋਲ ਵਿਚੋਂ ਡੋਲੂ ਭਰਕੇ ਉਸ ਪਾਸ ਜਾਂਦਾ ਹੈ।)

ਦੋਧੀ : ਮਾਂ, ਆਹ ਲੈ ਦੁਧ ਪੀ।

(ਉਹ ਸੁੰਨ ਵਟਾ ਬਣੀ ਖੜੀ ਰਹਿੰਦੀ ਹੈ।)

ਇਕ ਰਾਹਗੀਰ : ਇਹਨੂੰ ਹਿਲਾ ਜੁਲਾ ਜ਼ਰਾ।

ਦੋਧੀ : ਤੁਸੀਂ ਖੜੇ ਕੀ ਝਾਕਦੇ ਓ, ਰਤਾ ਹਿੰਮਤ ਕਰੋ, ਇਹਨੂੰ



ਹਸਪਤਾਲ ਪੁਚਾ ਦਿਓ।

ਰਾਹਗੀਰ : ਤੂੰ ਕਿਉਂ ਨਹੀਂ ਲਾਸ਼ ਨੂੰ ਮੋਟਰ ਸਾਈਕਲ ਤੇ ਲਦ ਕੇ ਲੈ ਜਾਂਦਾ।

ਦੋਧੀ : ਹੱਤ ਸ਼ਹਿਰੀਓ, ਥੁਹਾਡਾ ਲਹੂ ਪਾਣੀ ਬਣ ਗਿਆ ਲਗਦਾ।

ਰਾਹਗੀਰ : ਤੇਰਾ ਤਾਂ ਉਬਾਲੇ ਖਾਂਦਾ, ਤੂੰ ਹੀ ਹਿੰਮਤ ਕਰ।

ਦੋਧੀ : ਹੱਛਾ, ਇਹ ਗੱਲ ਐ, ਮੈਂ ਦੁੱਧ ਦੇ ਕੇ ਹੁਣੇ ਆਇਆ ਲਓ।

(ਇਕ ਸੂਟਿਡ ਬੂਟਿਡ ਪ੍ਰੋਫੈਸਰ ਆਉਂਦਾ ਹੈ। ਉਸ ਦੇ ਹੱਥ ਵਿਚ ਸੈਰ ਕਰਨ ਵਾਲੀ ਸੋਟੀ ਹੈ। ਬੜੀ ਗੰਭੀਰਤਾ ਨਾਲ ਬੁੱਢੀ ਨੂੰ ਨਰੀਖਦਾ ਹੈ। ਹੱਥ ਨਾਲ ਐਨਕ ਨੂੰ ਨਕ ਹੇਠ ਕਰਕੇ ਬੁੱਢੀ ਦੇ ਦੁਆਲੇ ਘੁੰਮਦਾ ਹੈ। ਦੋ ਮੁੰਡੇ ਦੇਖ ਕੇ ਮੁਸਕ੍ਰਾਉਂਦੇ ਹਨ।)

ਪਹਿਲਾ ਮੁੰਡਾ : (ਹੌਲੀ) ਮੈਨੂੰ ਤਾਂ ਪਾਗਲ ਲਗਦਾ।

ਦੂਜਾ : (ਇਸ਼ਾਰੇ ਨਾਲ) ਚੁਪ ਓਏ। ਯੂਨੀਵਰਸਿਟੀ 'ਚ ਫਲਾਸਫੀ ਦਾ ਪ੍ਰੋਫੈਸਰ ਏ।

ਪਹਿਲਾ : ਤਾਹੀਉਂ ਅੱਧਾ ਪਾਗਲ ਐ।

ਦੂਜਾ : ਤੇਰੇ ਵਰਗੇ ਤੁਕ ਬੰਦੂ ਪੂਰੇ ਪਾਗਲ ਹੁੰਦੇ ਨੇ।

ਪਹਿਲਾ ; ਪ੍ਰੋਫੈਸਰ ਸਾਹਿਬ, ਕੀ ਦੇਖ ਰਹੇ ਹੋ?

ਪ੍ਰੋਫੈਸਰ : ਮਨੁੱਖਤਾ ਦੀ ਗਿਰਾਵਟ ਦਾ ਕ੍ਰਿਸ਼ਮਾ।

ਦੂਜਾ : ਤੁਹਾਡੇ ਖਿਆਲ ਅਨੁਸਾਰ ਇਹ ਕੌਣ ਹੈ?

ਸਾਥੀ : ਔਰਤ ਜ਼ਾਤੀ! ਉਤੇ ਜ਼ੁਲਮ ਦੀ ਜੀਉਂਦੀ ਮਿਸਾਲ ਏ।

ਪ੍ਰੋਫੈਸਰ : ਠੀਕ ਫਰਮਾਇਆ ਤੁਸਾਂ। ਇਸ ਦਾ ਇਕ ਇਕ ਅੰਗ ਜ਼ੁਲਮ ਦੀ ਦਾਸਤਾਨ ਦਸ ਰਿਹਾ। ਇਸ ਦੇ ਸੁੰਨ ਅਹਿਸਾਸਾਂ ਪਿਛੇ ਖਬਰੇ ਕਿੰਨੇ ਝੱਖੜ ਝੁਲੇ ਹੋਣਗੇ।

ਪਹਿਲਾ ਮੁੰਡਾ : ਫੇਰ ਇਹ ਜ਼ੁਲਮ ਸਭ ਨੂੰ ਕਿਉਂ ਨਹੀਂ ਅਨੁਭਵ ਹੋ ਰਿਹਾ।

ਪ੍ਰੋਫੈਸਰ : ਇਸਦਾ ਨੰਗਾ ਜ਼ਖਮ ਉਹਨਾਂ ਸ਼ਾਸਕਾਂ ਨੂੰ ਦਿਖਾਈ ਨਹੀਂ ਦਿੰਦਾ, ਜਿਨ੍ਹਾਂ ਦੀ ਅੱਖਾਂ 'ਚ ਸ਼ਕਤੀ ਦਾ ਸਰੂਰ ਹੈ ਜਾਂ ਜਿਹਨਾਂ ਦਾ ਮਨ ਮਨੁੱਖਤਾ ਤੋਂ ਮਗਰੂਰ ਹੈ।

ਦੂਜਾ ਮੁੰਡਾ : ਇਹ ਕਿਸੇ ਹਾਦਸੇ ਦਾ ਸਿੱਟਾ ਵੀ ਤਾਂ ਹੋ ਸਕਦੀ ਏ। ਤੁਹਾਡਾ ਕਿਆਸ ਗਲਤ ਵੀ ਹੋ ਸਕਦਾ।

ਪ੍ਰੋਫੈਸਰ : (ਉੱਚੀ ਚੀਕ ਕੇ) ਬਿਲਕੁਲ ਨਹੀਂ। ਇਹ ਫਿਰਕੂ ਕਲੰਕ ਦਾ ਨਾਸੂਰ ਹੈ। ਤਾਹੀ ਦਰਦਮੰਦਾਂ ਵਿਚ ਰੋਹ ਪੈਦਾ ਕਰ ਰਿਹੈ।

ਸਾਥੀ : ਕਾਮੇ ਕਿਰਤੀਆਂ ਨੂੰ ਆਪਣੇ ਜ਼ਖ਼ਮਾਂ ਦਾ ਅਹਿਸਾਸ ਕਰਵਾ ਰਿਹਾ ਏ। ਮਜ਼ਲੂਮਾਂ ਵਿਚਲਾ ਰੋਹ ਜਗਾ ਰਿਹਾ ਹੈ। ਵਿਦਰੋਹ ਲਈ ਉਕਸਾ ਰਿਹਾ ਹੈ।

ਪਹਿਲਾ ਮੁੰਡਾ : ਪ੍ਰੋਫੈਸਰ ਸਾਹਿਬ, ਤੁਹਾਡੇ ਵਿਚਾਰ ਅਨੁਸਾਰ ਵਰਤਮਾਨ ਸਥਿਤੀ ਦਾ ਕੀ ਹਲ ਐ?

ਪ੍ਰਫੈਸਰ ਨੌਜਵਾਨੋ, ਗੋਲੀ ਸਿੱਕੇ ਦੀ ਨੀਤੀ ਨਾਲ ਕਦੇ ਕੋਈ ਮਸਲਾ ਹਲ ਨਹੀਂ ਹੋਇਆ। ਪਿਆਰ ਭਰੀ ਹਮਦਰਦੀ ਦੇ ਹੰਝੂਆਂ ਨਾਲ ਡੂੰਘੇ ਜ਼ਖ਼ਮ ਧੋਤੇ ਜਾ ਸਕਦੇ ਨੇ।

ਸਾਥੀ : ਐਨੀ ਸੂਝ ਭਰੀ ਦਲੇਰੀ ਕੌਣ ਕਰੇ।

ਪ੍ਰੋਫੈਸਰ : ਇਹੋ ਤਾਂ ਸਵਾਲ ਹੈ। ਮੁਲਕ ਦੇ ਸਿਆਸੀ ਹਾਲਾਤ ਵਸੋਂ ਬਾਹਰ ਹੋ ਚੁੱਕੇ ਨੇ। ਕੋਈ ਦੈਵੀ ਹਸਤੀ ਜਾਂ ਮਹਾਂਪੁਰਸ਼ ਹੀ ਮੌਕਾ ਸੰਭਾਲ ਸਕਦਾ ਹੈ।

(ਪ੍ਰੋਫੈਸਰ ਰੁਮਾਲ ਨਾਲ ਅੱਖਾਂ ਪੂੰਝਦਾ ਜਾਂਦਾ ਹੈ। ਲੜਕੇ ਵੀ ਉਸ ਵਲ ਦੇਖਦੇ ਚਲੇ ਜਾਂਦੇ ਹਨ।

ਇਕ ਲੜਕਾ ਅੰਨ੍ਹੀ ਔਰਤ ਦੀ ਬਾਂਹ ਫੜੀ ਧੂਹੀ ਆਉਂਦਾ ਹੈ।)

ਲੜਕਾ : ਦਾਦੀ, ਤੂੰ ਕਿੱਦਾਂ ਪਛਾਣੂੰਗੀ ਮਾਂ ਨੂੰ।

ਦਾਦੀ : ਪੁਤ, ਉਹਦਾ ਨਾਮ ਲੈ ਕੇ ਵਾਜਾਂ ਮਾਰੂੰਗੀ।

ਲੜਕਾ : ਦਾਦੀ।

ਦਾਦੀ : ਹੈਂ! ਵੇ ਖਲੋ ਕਿਉਂ ਗਿਆਂ। ਪੁੱਤਾ, ਕੀ ਹੋਇਆ ਤੈਨੂੰ, ਤੇਰਾ ਹੱਥ ਕਿਉਂ ਕੰਬ ਰਿਹਾ?

ਲੜਕਾ : ਦਾਦੀ, ਉਹ ਤਾਂ ਪਾਗਲ ਲਗਦੀ ਐ।

ਦਾਦੀ : ਤੈਨੂੰ ਕਿੱਦਾਂ ਪਤਾ?

ਲੜਕਾ : ਪਾਗਲ ਆਗੂੰ ਇਕੋ ਟਕ ਦੇਖੀ ਜਾਂਦੀ ਐ।

ਦਾਦੀ : ਹਾਏ ਮੈਨੂੰ! ਐਨੇ ਧੱਕੇ ਧੋੜੇ ਖਾ ਕੇ ਸੁਰਤ ਕਿੱਦਾਂ ਕੈਮ ਰਹਿ ਸਕਦੀ ਆ।

ਲੜਕਾ : ਦਾਦੀ, ਆ ਮੁੜ ਚਲੀਏ। ਮੈਂ ਨੀ ਦੇਖ ਸਕਦਾ।

ਦਾਦੀ : ਹਾਏ ਮੈਨੂੰ! ਕੀ ਹੋਇਆ?

ਲੜਕਾ : ਉਹਦੇ ਢਿਡ ਤੇ ਕਿੱਡਾ ਸਾਰਾ ਫੋੜਾ।

ਦਾਦੀ : ਹੈਂ! (ਹਉਕਾ ਲੈ ਕੇ) ਪਿੰਡੇ ਤੇ ਲੱਗੇ ਜ਼ਖ਼ਮਾਂ ਦਾ ਗੜ ਬਣ ਗਿਆ ਹੋਣਾ। ਵੇ ਰਤਾ ਠਹਿਰ।



ਲੜਕਾ : ਫੇਰ ਦਾਦੀ, ਮਾਂ ਨੂੰ ਵਾਜ ਮਾਰ ਕੇ ਦੇਖ।

ਦਾਦੀ : ਸਰਨੋ, ਨੀ ਸਰਨੋ, ਮੇਰੀ ਧੀਏ ਸਰਨੋ।

ਲੜਕਾ : ਦਾਦੀ, ਉਹ ਤਾਂ ਤੇਰੀ ਅਲ ਝਾਕੀ ਵੀ ਨਹੀਂ।

ਦਾਦੀ : ਹਾਏ ਮੈਂ ਮਰ ਜਾਂ। ਖੌਰੇ ਉਹਨੂੰ ਆਪਣਾ ਨਾਂ ਈ ਭੁਲ ਗਿਆ।

ਲੜਕਾ : ਦਾਦੀ, ਹੁਣ ਕੀ ਕਰੀਏ?

ਦਾਦੀ : ਹੈ ਇਕ ਹੋਰ ਉਪਾ।

ਲੜਕਾ : ਉਹ ਕੀ ਦਾਦੀ?

ਦਾਦੀ : ਉਹਦੀ ਖੱਬੀ ਬਾਂਹ ਤੇ ਨਾਮ ਉਕਰਿਆ ਹੋਇਆ।

ਲੜਕਾ : ਕੀ ਨਾਂ?

ਦਾਦੀ : ਸਵਰਨ ਕੌਰ।

ਲੜਕਾ : ਦਾਦੀ, ਮੈਂ ਨੇੜੇ ਹੋ ਕੇ ਦੇਖਾਂ।

ਦਾਦੀ : ਜਾਹ ਦੇਖ, ਛੇਤੀ ਕਰ।

(ਲੜਕਾ ਡਰਦਾ ਡਰਦਾ ਬੁੱਢੀ ਦੇ ਨਜ਼ਦੀਕ ਜਾਂਦਾ ਹੈ, ਦੁਆਲੇ ਘੁੰਮ ਕੇ ਉਸਦਾ ਹੱਥ ਵੇਖਦਾ ਹੈ। ਬੜੀ ਨਿਰਾਸਤਾ ਨਾਲ ਮੁੜ ਦਾਦੀ ਕੋਲ ਜਾਂਦਾ ਹੈ।)

ਲੜਕਾ : (ਰੋਣੀ ਆਵਾਜ਼ ਵਿਚ) ਦਾਦੀ!

ਦਾਦੀ : ਵੇ ਕੀ ਹੋਇਆ? ਤੂੰ ਤਾਂ ਹੌਕੇ ਲੈਂਦਾ। ਬੋਲਦਾ ਕਿਉਂ ਨਹੀਂ?

ਲੜਕਾ : ਬਾਂਹ ਤੇ ਤਾਂ ਕੁਛ ਵੀ ਨੀ ਉਕਰਿਆ।

ਦਾਦੀ : (ਲੰਮਾ ਹਉਕਾ ਲੈ ਕੇ) ਫੇਰ ਖੌਰੇ ਕੌਣ ਆ, ਕਿਥੋਂ ਦੀ ਰਹਿਣ ਆਲੀ ਆ। ਐਨੀ ਸਾਡੀ ਕਿਸਮਤ ਕਿਥੇ। ਮੋਏ ਵਿਛੜੇ ਕਿੱਥੇ ਮਿਲਦੇ ਨੇ।

ਲੜਕਾ : ਨਾਲੇ ਕਹਿੰਦੀ ਹੁੰਦੀ ਆਂ, ਅਜੇ ਜੀਂਦੀ ਆ। ਗੁੰਡੇ ਚੁਕਕੇ ਲੈ ਗਏ। ਆ ਜਾਊਗੀ।

ਦਾਦੀ : ਪੁੱਤਾ, ਤੇਰੀ ਮਾਂ ਬਾਹਲੀ ਅਣਖੀ ਸੀ। ਪੱਤ ਬਚਾਣ ਖਾਤਰ ਜ਼ਰੂਰ ਮਰ ਖਪ ਗਈ ਹੋਊ।

(ਗ਼ਮ ਦੇ ਗਲਬੇ ਕਾਰਨ ਥਾਂ ਹੀ ਬੈਠ ਜਾਂਦੀ ਹੈ। ਲੜਕਾ ਨਿੰਮੋਝੂਣ ਖੜਾ ਰਹਿੰਦਾ ਹੈ। ਉਹ ਕੀਰਣੇ ਪਾਣ ਲਗ ਜਾਂਦੀ ਹੈ।)

ਦਾਦੀ : (ਕੀਰਣਾ ਪਾਂਦੀ ਹੋਈ) ਹਾਏ ਨੀ ਮੇਰੀਏ ਰਾਣੀਏ ਧੀਏ!

ਸਾਥੀ : ਮਾਈ, ਸਬਰ ਕਰ ਹੁਣ, ਬਥੇਰੇ ਕੀਰਣੇ ਪਾ ਚੁੱਕੀ ਹੋਵੇਂਗੀ। ਇਸ ਬੁੱਢੀ ਨੂੰ ਧੀ ਸਮਝ ਕੇ ਘਰ ਲੈ ਜਾ। ਇਹਦਾ ਪਾਰ ਉਤਾਰਾ ਹੋ ਜਾਊ ਤੇਰਾ ਕਾਲਜਾ ਠੰਢਾ ਹੋ ਜਾਵੇਗਾ।

ਦਾਦੀ : ਚਲਣ ਆਲੀ ਬਣੇ, ਮੈਂ ਤਿਆਰ ਆਂ।

ਲੜਕਾ : (ਦਾਦੀ ਨੂੰ ਧੂੰਹਦਾ ਹੋਇਆ) ਦਾਦੀ, ਅਸੀਂ ਨਹੀਂ ਲਜਾਣੀ ਘਰ। ਮੈਨੂੰ ਡਰ ਲਗਦਾ।

(ਲੜਕਾ ਦਾਦੀ ਦਾ ਹੱਥ ਫੜਕੇ ਧੂ ਕੇ ਲੈ ਜਾਂਦਾ ਹੈ। ਦੋ ਭਈਏ ਮਜ਼ਦੂਰ ਅਤੇ ਉਹਨਾਂ ਦੀਆਂ ਔਰਤਾਂ ਦਿਨ ਭਰਦੇ ਕੰਮ ਦੀਆਂ ਝੰਬੀਆਂ ਹੋਈਆਂ ਸਾਹ ਲੈਣ ਲਈ ਖੜੇ ਜਾਂਦੀਆਂ ਹਨ। ਮਰਦਾਂ ਦੇ ਮੋਢਿਆਂ ਤੇ ਕਹੀਆਂ ਅਤੇ ਔਰਤਾਂ ਦੇ ਸਿਰਾਂ ਤੇ ਟੋਕਰੀਆਂ ਹਨ। ਇਕ ਨੇ ਕੁੱਛੜ ਬਾਲ ਵੀ ਚੁਕਿਆ ਹੋਇਆ ਹੈ।)

ਇਕ ਔਰਤ : ਮੁਝੇ ਤੋ ਰਾਧੀ ਲਗਤ ਹੈ।

ਦੂਜੀ ਔਰਤ : (ਗਹੁ ਨਾਲ ਦੇਖਦੀ ਹੋਈ) ਨਾਹੀਂ ਰਾਧੀ ਕਹਾਂ।

ਪਹਿਲੀ : ਅੱਛੀ ਤਰ੍ਹਾਂ ਦਿਖ।

ਦੂਜੀ : ਯੇ ਤੋ ਊਚੀ ਲੰਮੀ ਹੈ।

ਸਾਥੀ : ਭਈਆ, ਕਹਾਂ ਕੇ ਰਹਿਣੇਵਾਲੇ ਓ?

ਭਈਆ : ਉੱਧਰ ਯੂਪੀ ਕੇ।

ਸਾਥੀ : ਪਛਾਣੋ ਤੋ, ਕਹੀਂ ਤੁਮਹਾਰੇ ਇਲਾਕੇ ਕੀ ਤੋ ਨਹੀਂ।

ਮਰਦ : ਨਾਹੀ ਬਾਬੂ।

ਦੂਜਾ ਮਰਦ : ਬਾਬੂ ਲੋਗ ਤਮਾਸ਼ਾ ਦੇਖਤ ਹੈ, ਮਦਦ ਨਾਹੀਂ ਕਰਤ।

ਸਾਥੀ : ਭਰਾਵਾ, ਅਸੀਂ ਤਾਂ ਕੋਸ਼ਸ਼ ਕਰ ਚੁੱਕੇ ਆਂ। ਤੁਸੀਂ ਹੀ ਕੁਛ ਕਰੋ। ਸ਼ਾਇਦ ਤੁਹਾਡੀ ਭਾਸ਼ਾ ਸਮਝ ਲਵੇ।

ਪਹਿਲੀ ਔਰਤ : ਮੇਰੇ ਪਾਸ ਏਕ ਸੂਖੀ ਰੋਟੀ ਬਚਤ ਹੈ।

ਸਾਥੀ : ਫੇਰ ਬੁਢੀ ਕੋ ਦੇ ਦੋ ਔਰ ਬਾਤ ਕਰੋ।

(ਉਹ ਅੱਗੇ ਵਧ ਕੇ ਬੁੱਢੀ ਦੀ ਮੁੱਠੀ ਵਿਚ ਰੋਟੀ ਫੜਾਂਦੀ ਹੈ। ਉਹ ਟੁਕਰ ਟੁਕਰ ਉਸ ਵਲ ਦੇਖਦੀ ਹੈ।)

ਸਾਥੀ : ਕਿਉਂ? ਕੁਛ ਬੋਲੀ।

ਮਜ਼ਦੂਰਨੀ : ਨਾਹੀਂ ਬਾਬੂ, ਹਮਾਰੇ ਗਾਉਂ ਕੀ ਨਾਹੀਂ। (ਮਜ਼ਦੂਰ ਤੁਰ ਪੈਂਦੇ ਹਨ। ਦੋਵੇਂ ਮਜ਼ਦੂਰਨੀਆਂ ਖੜੀਆਂ ਰਹਿੰਦੀਆਂ ਹਨ।)

ਮਜ਼ਦੂਰ : ਕਮਜਾਤੇ, ਚਲੇਂਗੀ ਕਿ ਨਹੀਂ ਘਰ।



ਮਜ਼ਦੂਰਨੀ (1) : ਆਓ ਚਲੇਂ, ਗਾਲ੍ਹੇ ਨਿਕਾਲਤਾ ਹੈ।

ਮਜ਼ੂਦਰਨੀ (2) : ਬੋਲਨੇ ਦੋ। ਘਰ ਜਾ ਕਰ ਕੌਨਸਾ ਇਸ ਨੇ ਮੁਜੇ ਰਾਮ ਲੈਨੇ ਦੇਨਾ ਹੈ। ਆਪ ਤੋਂ ਗੁੜ ਗੁੜੀ ਲੈ ਕਰ ਬੈਠ ਜਾਏਗਾ ਔਰ ਦਾਰੂ ਕੀ ਸ਼ੀਸ਼ੀ ਖੋਲ ਲੈਗਾ। ਘਰ ਕਾ ਸਾਰਾ ਕਾਮ ਤੋ ਮੁਜੇ ਹੀ ਕਰਨਾ ਹੈ।

ਮਜ਼ਦੂਰਨੀ (1) : ਔਰਤ ਕੀ ਜੂਨ ਤੋਂ ਢੋਰ ਡੰਗਰ ਸੇ ਭੀ ਬੁਰੀ ਹੈ।

(ਉਹ ਵੀ ਗੱਲਾਂ ਕਰਦੀਆਂ ਚਲ ਪੈਂਦੀਆਂ ਹਨ। ਉਸੇ ਵੇਲੇ ਗਿਆਰਾਂ ਕੁ ਸਾਲਾਂ ਦੀ ਇਕ ਲੜਕੀ ਇਕ ਕੋਹੜੇ ਦੀ ਰੇਹੜੀ ਨੂੰ ਖਿਚਦੀ ਹੋਈ ਆਉਂਦੀ ਹੈ।)

ਮੰਗਤੀ : (ਕੋਹੜੇ ਦੀ ਰੇਹੜੀ ਖਿਚਦੀ ਹੋਈ) ਬਾਬਾ, ਲੋਗ ਉਸ ਲੌਂਢੀ ਗਿਰਦ ਕਿਉਂ ਖੜੇ ਹੈਂ?

ਕੋਹੜਾ : ਔਰਤ ਜੁ ਹੋਈ।

ਲੜਕੀ : ਪਰ ਉਹ ਤੋ ਬਹੁਤ ਗੰਦੀ ਹੈ।

ਕੋਹੜਾ : ਔਰਤ ਭਾਵੇਂ ਮਿੱਟੀ ਦੀ ਹੋਵੇ। ਮਰਦ ਚਿਮਟ ਜਾਂਦੇ ਐ ਦੁਆਲੇ।

ਲੜਕੀ : ਪਰ ਬਾਬਾ ਓਹ ਤੋ ਤੁਮ ਸੇ ਭੀ ਬੁਰੀ ਹਾਲਤ ਮੇ ਹੈ।

ਕੋਹੜਾ : ਊਂ ਹੂੰ! ਕਿੰਨੀਆਂ ਮੱਖੀਆਂ ਬੈਠੀਆਂ। ਜ਼ਰੂਰ ਪਿੰਡੇ ਨੂੰ ਗੁੜ ਲਾਇਆ ਹੋਣਾ।

ਲੜਕੀ : ਦੇਖੋ ਔਰ ਲੋਗ ਆ ਗਏ।

ਕੋਹੜਾ : ਲੋਕਾਂ ਨੂੰ ਨਵਾਂ ਤਮਾਸ਼ਾ ਲੱਭਾ ਲਗਦਾ।

ਲੜਕੀ : ਹਮਾਰੀ ਤਰਫ ਤੋ ਕੋਈ ਦੇਖਤਾ ਨਹੀਂ।

ਕੋਹੜਾ : ਰੋਜ਼ ਜੋ ਮਾਂਗਨੇ ਆਤੇ ਹੈਂ।

ਲੜਕੀ : ਬਾਬਾ, ਐਸ ਸੜਕ ਪਰ ਤੋਂ ਚਿਰਾਂ ਬਾਅਦ ਆਏ ਆਂ।

ਕੋਹੜਾ : ਤੂੰ ਉੱਚੀ ਬੋਲ, ਆਪੇ ਸਾਡੀ ਵਲ ਦੇਖਣਗੇ।

ਲੜਕੀ : ਸਾਈਂ ਕੇ ਨਾਮ, ਕੋਹੜੇ ਕੋ ਦਾਨ ਦੋ, ਭਗਵਾਨ, ਤੁਮਾਰਾ ਭਲਾ ਕਰੇਗਾ।

(ਦੋ ਤਿੰਨ ਵਾਰ ਦੁਹਰਾਂਦੀ ਹੈ।)

ਕੋਹੜਾ : ਕਿਆ ਕਰਦੀ ਐਂ। ਕਿੱਥੇ ਚੱਲੀ ਐਂ? ਨੇੜੇ ਮਤ ਜਾਹ।

ਲੜਕੀ : ਕਿਉਂ ਬਾਬਾ?

ਕੋਹੜਾ : (ਗੁੱਸੇ ਨਾਲ) ਤੈਨੂੰ ਜੋ ਕਹਾ ਕਰ। ਬਕ ਬਕ ਮਤ ਕਰ। ਹੋਰ ਉੱਚੀ ਸੁਰ ਵਿਚ ਗਾ। (ਸਖਤੀ ਨਾਲ) ਸੁਨਾ ਨਹੀਂ ਤੂੰਨੇ।

ਲੜਕੀ : ਸਾਈਂ ਕੇ ਨਾਮ
ਕੋੜ੍ਹੇ ਮੁਥਾਜ ਕੋ ਦਾਨ ਦੋ
ਭਗਵਾਨ
ਤੁਮਾਰਾ ਭਲਾ ਕਰੇਗਾ
ਚਿੜੀ ਚੋਂਚ ਭਰ ਲੈ ਗਈ
ਨਦੀ ਨਾ ਘਟਿਓ ਨੀਰ
ਦਾਨ ਦੀਏ ਧੰਨ ਨਾ ਘਟੇ
ਕਹਿ ਗਏ ਭਗਤ ਕਬੀਰ।

ਕੋਹੜਾ : ਸ਼ਾਬਾਸ਼ੇ, ਹੋਰ ਉੱਚੀ ਬੋਲ।

ਲੜਕੀ : ਕੋਈ ਫੈਦਾ ਨਾਹੀ ਬਾਬਾ।

ਕੋਹੜਾ : ਫੈਦਾ ਕਿਉਂ ਨਹੀਂ ਕਮਜਾਤੇ

ਲੜਕੀ : ਲੋਗ ਜ਼ਰਾ ਸਾ ਝਾਂਕ ਕਰ ਝਟ ਮੂੰਹ ਫੇਰ ਲੈਤੇ ਹੈਂ।

ਕੋਹੜਾ : ਮੂਰਖੇ, ਲੋਕਾਂ ਦੀਆਂ ਜੇਬਾਂ 'ਚੋਂ ਪੈਸਾ ਕੱਢਣ ਲਈ ਭਾਰੀ ਸਟੰਟ ਰਚਨਾ ਪੈਂਦਾ। ਤਰਲੇ ਮਿੰਨਤਾਂ ਕਰਨੀਆਂ ਪੈਂਦੀਆਂ, ਲਿਲਕੜੀਆਂ ਕਢਣੀਆਂ ਪੈਂਦੀਆਂ। ਭਗਵਾਨ ਦਾ ਵਾਸਤਾ ਪਾਣਾ ਪੈਂਦਾ। ਕਈ ਦਫ਼ਾ ਦੂਰ ਸੀਸਾਂ ਦੀ ਧਮਕੀ ਦੇਣੀ ਪੈਂਦੀ ਐ। ਤੈਨੂੰ ਕਈ ਦਫ਼ਾ ਸਮਝਾਇਆ। ਚਲ ਬੋਲ ਮੈਂ ਤੇਰੇ ਨਾਲ ਗਾਂਦਾ ਹਾਂ।

ਦੋਵੇ : ਚਿੜੀ ਚੋਂਚ ਭਰ ਲੇ ਗਈ
ਨਦੀ ਨਾ ਘਟਿਓ ਨੀਰ
ਦਾਨ ਦੀਏ ਧੰਨ ਨਾ ਘਟੇ
ਕਹਿ ਗਏ ਭਗਤ ਕਬੀਰ।

ਲੜਕੀ : ਬਾਬਾ, ਲਗਦਾ ਇਹ ਲੋਕ ਜਾਣ ਗਏ ਆ।

ਕੋਹੜਾ : ਕਿਆ ਜਾਣ ਗਏ ਐ?

ਲੜਕੀ : ਤੇਰੇ ਝੂਠੇ ਕੋੜ੍ਹ ਬਾਰੇ।

ਕੋਹੜਾ : ਹੱਤ ਤੇਰੀ ਮਾਂ ਦੀ... ਹੌਲੀ ਬੋਲ ਕੁੱਤੀਏ, ਕਮਜਾਤੇ, ਹਰਾਮਜ਼ਾਦੀਏ!! ਤੂੰ ਮੈਨੂੰ ਇਸ ਸ਼ਹਿਰ 'ਚੋਂ ਕਢਾ ਕੇ ਛੱਡੇਂਗੀ!!! (ਗੁੱਸੇ ਨਾਲ ਲੋਹੇ ਦੀ ਸੰਗਲੀ ਲੜਕੀ ਦੀ ਲਤ ਤੇ ਮਾਰਦਾ ਹੈ। ਉਹ ਪੈਰ ਫੜ ਕੇ ਦਰਦ ਨਾਲ ਕਰਾਂਹਦੀ ਹੈ।)

ਕੋਹੜਾ : ਕੁੱਤੀਏ ਕਮੀਣੀਏ, ਮੂੰਹ ਬੰਦ ਕਰਦੀ ਐਂ ਕਿ ਨਹੀਂ, ਦੱਸਾਂ ਤੈਨੂੰ!



ਸਾਥੀ : (ਦੂਰੋਂ ਦਬਕਾ ਮਾਰ ਕੇ) ਓਇ ਓਇ ਨਾ ਮਾਰੀਂ।
(ਦੂਜੀ ਦਫ਼ਾ ਸੰਗਲੀ ਮਾਰਨ ਤੋਂ ਕੋਹੜਾ ਰੁਕ ਜਾਂਦਾ ਹੈ। ਸਾਰੇ ਲੋਕ ਉਹਨਾਂ ਵਲ ਦੇਖਣ ਲਗ ਜਾਂਦੇ ਹਨ। ਸਾਥੀ ਅਤੇ ਦੋਵੇਂ ਨੌਜਵਾਨ ਕੋਹੜੇ ਕੋਲ ਚਲੇ ਜਾਂਦੇ ਹਨ। ਬੁੱਢੀ ਕਹਿਰ ਭਰੀ ਨਜ਼ਰ ਨਾਲ ਦੇਖਦੀ ਹੈ।)

ਸਾਥੀ : ਕਿਉਂ ਮਾਰਿਆ ਮਾਸੂਮ ਬੱਚੀ ਨੂੰ।

ਕੋਹੜਾ : ਤੁਮੇ ਕਿਆ? ਅਪਨਾ ਕਾਮ ਕਰੋ।

ਸਾਥੀ : ਸੱਚ ਸੱਚ ਦਸ ਇਹ ਤੇਰੀ ਕੀ ਲਗਦੀ ਐ?

ਕੋਹੜਾ : ਪੋਤੀ।
(ਸਭ ਲੋਕੀ ਹੱਸ ਪੈਂਦੇ ਹਨ।)

ਪਹਿਲਾ ਨੌਜਵਾਨ : ਵਿਆਹ ਲਈ ਕਿਹੜਾ ਹੈਲਥ ਸਰਟੀਫੀਕੇਟ ਲੈਣਾ ਪੈਂਦਾ। ਸਭ ਲੰਗੜੇ ਲੂਲਿਆਂ ਦੇ ਹੋ ਜਾਂਦੇ ਨੇ।

ਸਾਥੀ : ਸਚੋ ਸਚ ਦਸ, ਵਰਨਾ ਪੁਲੀਸ ਹਵਾਲੇ ਕਰ ਦਿਆਂਗੇ।

ਕੋਹੜਾ : (ਬਨਾਉਟੀ ਰੋਣ ਹਾਕਾ ਮੂੰਹ ਬਣਾ ਕੇ) ਲੋਕੋ, ਜਮਾਂਦਰੂ ਕੋੜ੍ਹੇ ਨੂੰ ਕਿਉਂ ਦੁਖੀ ਕਰਦੇ ਓ। ਖੁਦਾ ਦਾ ਖੌਫ ਕਰੋ। ਕੰਗਲੇ ਦੀਆਂ ਬਦ-ਦੁਆਵਾਂ ਤੋਂ ਬਚੋ।

ਸਾਥੀ : ਤੂੰ ਦਸ ਬੇਟੀ, ਇਹ ਤੇਰਾ ਕੀ ਲਗਦਾ? (ਲੜਕੀ ਰੋਂਦੀ ਰੋਂਦੀ ਕੋਹੜੇ ਵਲ ਦੇਖਦੀ ਹੈ।)

ਲੜਕੀ : (ਡਰਦੀ ਹੋਈ) ਬਾਬਾ!

ਦੂਜਾ : ਸਰਾਸਰ ਝੂਠ! ਸ਼ੱਕੀ ਮਾਮਲਾ ਹੈ।

ਸਾਥੀ : ਬੇਟਾ, ਡਰ ਨਾ। ਮੇਰੇ ਵਲ ਦੇਖ। ਸਚੋ ਸਚ ਦਸ ਦੇਹ। ਤੇਰੀ ਬੰਦ ਖਲਾਸੀ ਕਰਾ ਦਿਆਂਗੇ।

ਲੜਕੀ : ਇਹ ਮੈਨੂੰ. . .

ਕੋਹੜਾ : ਦੱਸਾਂ ਤੈਨੂੰ. . .(ਮਾਰਨ ਲਈ ਸੰਗਲੀ ਚੁਕਦਾ ਹੈ।)

ਸਾਥੀ : ਖਬਰਦਾਰ ਜੇ ਹੁਣ ਹੱਥ ਚੁੱਕਿਆ। ਇਸ ਸੰਗਲ ਨਾਲ ਤੈਨੂੰ ਨੂੜ ਕੇ ਪੁਲਸ ਦੇ ਹਵਾਲੇ ਕੀਤਾ ਜਾਵੇਗਾ। ਬੱਚੀ ਡਰ ਨਾ ਇਹਤੋਂ ਸੱਚੋ ਸਚ ਦੱਸ ਦੇਹ। ਇਹ ਤੇਰਾ ਕੀ ਲਗਦਾ ਹੈ।

ਲੜਕੀ : ਪਤਾ ਨੀ। ਨਿੱਕੀ ਹੁੰਦੀ ਨੂੰ ਲਈ ਫਿਰਦਾ।

ਨੌਜਵਾਨ : ਦੇਖਿਆ ਮੈਂ ਕਿਹਾ ਸੀ ਨਾ ਕਿ ਮਾਮਲਾ ਸ਼ੱਕੀ ਐ।

ਸਾਥੀ : ਬੇਟੀ, ਤੈਨੂੰ ਰਾਤ ਨੂੰ ਨਾਲ ਸਲਾਉਂਦਾ ਵੀ ਹੁੰਦਾ?

ਲੜਕੀ : (ਡਰਦੀ ਤੇ ਸ਼ਰਮਾਂਦੀ ਹੋਈ, ਸਿਰ ਹਿਲਾਕੇ) ਹਾਂ!

ਸਾਥੀ : ਇਹ ਕੋੜ੍ਹੇ ਦੇ ਭੇਸ ਵਿਚ ਬਦਮਾਸ਼ ਹੈ, ਪਾਖੰਡੀ ਹੈ, ਬਲਾਤਕਾਰ ਹੈ। ਉਠ ਖੜਾ ਹੋ ਓਏ। ਇਹਨੂੰ ਠਾਣੇ ਲੈ ਚੱਲੋ।

ਕੋਹੜਾ : (ਮਿੰਨਤ ਤਰਲੇ ਦੇ ਲਹਿਜੇ ਵਿਚ) ਜੇ ਮੇਰੀ ਡੰਗੋਰੀ ਖੋਹ ਲਓਗੇ ਤਾਂ ਮੈਂ ਜੀਆਂਗਾ ਕਿਸ ਆਸਰੇ।

ਸਾਥੀ : ਜੇਲ੍ਹ 'ਚ ਤੇਰਾ ਪੂਰਾ ਬੰਦੋਬਸਤ ਹੋਵੇਗਾ।

ਨੌਜਵਾਨ : ਰੋਟੀ ਵੀ ਮਿਲੂ ਅਤੇ ਕੋਠੜੀ ਵੀ।

(ਨੌਜਵਾਨ ਸੰਗਲੀ ਫੜ ਕੇ ਖਿੱਚਣ ਲਗਦਾ ਹੈ। ਤਾਂ ਕੋਹੜਾ ਤਰਲੇ ਮਿੰਨਤਾਂ ਕਰਦਾ ਹੈ।)

ਕੋਹੜਾ : ਲੜਕੀ ਨੂੰ ਲੈ ਜਾਓ। ਮੇਰੇ ਦੋ ਸੌ ਦੇ ਦਿਉ।

ਸਾਥੀ : ਹੈਂ। ਦੋ ਸੌ ਰੁਪਏ ਤੋਂ ਖਰੀਦਿਆ ਸੀ ਮਾਸੂਮ ਨੂੰ? ਕਿਥੋਂ?

ਕੋਹੜਾ : ਨਗਰ ਦੇ ਇਕ ਗਰੋਹ ਤੋਂ। ਬਹੁਤ ਛੋਟੀ ਹੁੰਦੀ ਨੂੰ।

ਸਾਥੀ : ਚਲੋ ਲੈ ਚਲੋ ਇਸ ਨੂੰ ਠਾਣੇ। ਭਾਰੀ ਸਕੈਂਡਲ ਨੰਗਾ ਹੋਵੇਗਾ।

(ਬਦੋ ਬਦੀ ਉਸਨੂੰ ਧੂਹ ਕੇ ਲਿਜਾਣ ਲਗਦੇ ਹਨ। ਬੁਢੀ ਔਰਤ ਰੋਂਦੀ ਹੋਈ ਲੜਕੀ ਵਲ ਲਗਾਤਾਰ ਹਮਦਰਦੀ ਨਾਲ ਦੇਖਦੀ ਰਹਿੰਦੀ ਹੈ। ਇਕ ਦਮ ਚੋਰ ਚੋਰ ਦੀ ਆਵਾਜ਼ ਸੁਣਾਈ ਦਿੰਦੀ ਹੈ। ਸਭ ਉੱਧਰ ਦੇਖਣ ਲਗ ਜਾਂਦੇ ਹਨ। ਇਕ ਕੁੜੀ (13 ਕੁ ਸਾਲਾਂ ਦੀ) ਨੱਸੀ ਆਉਂਦੀ ਹੈ। ਇਕ ਸਿਪਾਹੀ ਉਸ ਦਾ ਪਿੱਛਾ ਕਰ ਰਿਹਾ ਹੈ। ਕੁੜੀ ਬੁੱਢੀ ਦੇ ਪਿੱਛੇ ਲੁਕਦੀ ਹੈ। ਬੁੱਢੀ ਵਲੋਂ ਅਜੀਬ ਪ੍ਰਤੀਕਰਮ ਹੁੰਦਾ ਹੈ। ਸਿਪਾਹੀ ਡੰਡਾ ਉਗਰਦਾ ਹੈ।)

ਸਿਪਾਹੀ : ਵਾਹ! ਮੁਰਦੇ ਵਿਚ ਜਾਨ ਪੈ ਗਈ।

ਸਾਥੀ : ਜਦੋਂ ਜ਼ੁਲਮ ਦੀ ਹਦ ਹੋ ਜਾਂਦੀ ਹੈ ਤਾਂ ਮੁਰਦੇ ਵੀ ਜਾਗ ਪੈਂਦੇ ਨੇ।

(ਸਿਪਾਹੀ ਫੇਰ ਬੁੱਢੀ ਉਤੇ ਡੰਡਾ ਉਗਰਦਾ ਹੈ।)

ਸਿਪਾਹੀ : ਹਟ ਪਿਛੇ।

ਸਾਥੀ : ਹੌਲਦਾਰਾ, ਜ਼ਿਆਦਤੀ ਨਾ ਕਰ। ਵਧੀਕੀ ਹੀ ਦਹਿਸ਼ਤਵਾਦ ਨੂੰ ਜਨਮ ਦਿੰਦੀ ਹੈ। ਲੋਕਾਂ ਵਿਚ ਰੋਹ ਜਗਾਂਦੀ ਹੈ। ਵਿਦਰੋਹ ਲਈ ਉਕਸਾਂਦੀ ਹੈ।

ਨੌਜਵਾਨ : ਕੀ ਕੀਤਾ ਇਸ ਲੜਕੀ ਨੇ?



ਸਿਪਾਹੀ : ਚੋਰੀ ਕਰਕੇ ਆਈ ਏ।

ਸਾਥੀ : ਕੀ ਚੁਰਾਇਆ? ਸਚ ਸਚ ਦਸ ਬੇਟੀ।

ਲੜਕੀ : ਦੋ ਸੜੇ ਹੋਏ ਕੇਲੇ। ਦੁਕਾਨਦਾਰ ਨੇ ਖਾਹ ਮਖਾਹ ਰੌਲਾ ਪਾਤਾ। ਇਹ ਮੈਨੂੰ ਧੂਹ ਕੇ ਠਾਣੇ ਲਿਜਾਂਦਾ ਸੀ।

ਸਾਥੀ : ਹੈਂ! ਐਨੀ ਹਨੇਰ ਗਰਦੀ।

ਸਿਪਾਹੀ : (ਬੁੱਢੀ ਦੇ ਇਕ ਸੋਟੀ ਟਿਕਾ ਕੇ) ਬੁੱਢੀਏ, ਖਿਸਕ ਇਥੋਂ। ਭੀੜ ਕੱਠੀ ਕਰੀ ਹੋਈ ਹੈ।

ਸਾਥੀ : ਓਏ ਹੌਲਦਾਰਾ, ਨਹੀਂ ਟਲਿਆ ਤੂੰ। ਕਿਉਂ ਗਰੀਬਣੀ ਤੇ ਜ਼ੁਲਮ ਢਾ ਰਿਹਾਂ।

ਸਿਪਾਹੀ : ਤੂੰ ਕੌਣ ਹੁੰਦਾ, ਦਖਲ ਅੰਦਾਜ਼ੀ ਕਰਨ ਵਾਲਾ।

ਕਈ ਆਵਾਜ਼ਾਂ : ਦੱਸੀਏ ਤੈਨੂੰ।

ਸਿਪਾਹੀ : (ਪ੍ਰਤੀਕਰਮ ਵਜੋਂ ਇਕ ਦਮ ਢਿੱਲਾ ਪੈ ਕੇ) ਭਰਾਵੋ, ਮੈਂ ਤਾਂ ਉਪਰੋਂ ਮਿਲਿਆ ਹੁਕਮ ਬਜਾ ਰਿਹਾਂ। ਮੈਨੂੰ ਕੀ ਏ। ਲਓ ਉਹ ਠਾਣੇਦਾਰ ਸਾਹਿਬ ਖੁਦ ਆ ਰਹੇ ਨੇ। ਕਰ ਲਓ ਬਹਿਸ ਉਨ੍ਹਾਂ ਨਾਲ।

(ਥਾਣੇਦਾਰ ਇਕ ਸਿਪਾਹੀ ਸਮੇਤ ਆਉਂਦਾ ਹੈ। ਉਹ ਸਿੱਧਾ ਕੋਹੜੇ ਦੀ ਰੇਹੜੀ ਵਲ ਜਾਂਦਾ ਹੈ। ਦੂਜੇ ਪਾਸੇ ਸਿਪਾਹੀ ਅੱਖ ਬਚਾਕੇ ਬੁੱਢੀ ਨੂੰ ਧੱਕੇ ਮਾਰ ਕੇ ਲੈ ਜਾਂਦਾ ਹੈ। ਲੜਕੀ ਦੂਜੀ ਤਰਫ ਨੂੰ ਖਿਸਕ ਜਾਂਦੀ ਹੈ।)

ਥਾਣੇਦਾਰ : ਇਸ ਨੂੰ ਕਿਉਂ ਘੇਰੀ ਖੜੇ ਓ?

ਸਾਥੀ : ਇਹ ਬਦਮਾਸ਼ ਹੈ। ਇਸ ਲੜਕੀ ਨੂੰ ਪੁਛ ਸਕਦੇ ਹੋ। ਬਿਆਨ ਲੈ ਸਕਦੇ ਹੋ।

(ਥਾਣੇਦਾਰ ਲੜਕੀ ਨੂੰ ਮੁਖਾਤਬ ਹੁੰਦਾ ਹੈ। ਕੋਹੜਾ ਨਜ਼ਰ ਬਚਾਕੇ ਸਿਪਾਹੀ ਨੂੰ ਇਸ਼ਾਰਾ ਕਰਦਾ ਹੈ।)

ਕੋਹੜਾ : (ਹੱਥ ਜੋੜ ਕੇ) ਮੈਨੂੰ ਬਚਾ। (ਸੌ ਦਾ ਨੋਟ ਦਿਖਾਕੇ) ਆਹ ਫੜ ਮਹੀਨੇ ਦੀ ਪੇਸ਼ਗੀ।

ਸਿਪਾਹੀ : (ਹੌਲੀ ਇਸ਼ਾਰੇ ਨਾਲ) ਨਾ ਨਾ ਬਾਬਾ, ਮੈਂ ਨੌਕਰੀ ਤੋਂ ਹੱਥ ਧੋਣੇ ਐਂ।

ਥਾਣੇਦਾਰ : ਕੁੜੀਏ, ਸਚੋ ਸਚ ਦਸ। ਇਹ ਤੇਰਾ ਕੀ ਲਗਦਾ?

ਸਾਥੀ : ਸਚੋ ਸਚ ਬੋਲੀਂ। ਤੇਰਾ ਛੁਟਕਾਰਾ ਹੋ ਜਾਊਗਾ।

ਲੜਕੀ : (ਡਰਦੀ ਹੋਈ) ਕੁਛ ਨੀ।

ਥਾਣੇਦਾਰ : (ਸਿਪਾਹੀ ਨੂੰ) ਇਹਨੂੰ ਠਾਣੇ ਲਿਜਾਕੇ ਪੁੱਠਾ ਟੰਗੋ। ਇਹਦਾ ਤਾਂ ਵੱਡਾ ਵੀ ਬਕੇਗਾ।

ਸਾਥੀ : ਲੜਕੀ ਨੂੰ ਸਾਡੇ ਹਵਾਲੇ ਕਰ ਦਿਉ। ਅਸੀਂ ਇਹਨੂੰ ਨਾਰੀ ਨਿਕੇਤਨ ਵਿਚ ਪੁਚਾ ਦਿੰਦੇ ਆਂ।

ਥਾਣੇਦਾਰ : ਇਹ ਨਹੀਂ ਹੋ ਸਕਦਾ। ਇਕ ਦਫ਼ਾ ਠਾਣੇ ਲਿਜਾਣੀ ਪਵੇਗੀ। ਕੇਸ ਦਰਜ ਕਰਨ ਖਾਤਰ ਬਿਆਨ ਲੈਣੇ ਜ਼ਰੂਰੀ ਹੈਨ। ਉਥੋਂ ਜਮਾਨਤ ਤੇ ਲਿਜਾ ਸਕੋਗੇ।

ਸਾਥੀ : ਅਸੀਂ ਨਾਲ ਹੀ ਚਲਦੇ ਆਂ।

ਥਾਣੇਦਾਰ : ਖੁਸ਼ੀ ਨਾਲ ਆਓ।

ਸਾਥੀ : (ਨੌਜਵਾਨਾਂ ਨੂੰ) ਇਨ੍ਹਾਂ ਨੂੰ ਮੁਢਲੀ ਕਾਰਵਾਈ ਕਰ ਲੈਣ ਦੇਈਏ। ਆਪਾਂ ਐਡਵੋਕੇਟ ਵੋਹਰਾ ਦੀ ਕੋਠੀ ਚਲਦੇ ਆਂ। ਕੇਸ ਉਸਦੇ ਸੁਪਰਦ ਕਰ ਦਿੰਦੇ ਆਂ।

ਨੌਜਵਾਨ : ਉਹ ਕਿੱਥੇ ਰਹਿੰਦਾ?

ਸਾਥੀ : ਔਹ ਸਾਮਣੀ ਕੋਠੀ ਵਿਚ।

(ਥਾਣੇਦਾਰ, ਲੜਕੀ ਅਤੇ ਕੋਹੜੇ ਦੇ ਜਾਣ ਪਿਛੋਂ ਉਹ ਤਿੰਨੇ ਵੀ ਚਲੇ ਜਾਂਦੇ ਹਨ। ਥੋਹੜੀ ਦੇਰ ਬਾਅਦ ਨੀਵੀਂ ਪਾਈ ਪ੍ਰੋਫੈਸਰ ਆਉਂਦਾ ਹੈ। ਬੁੱਢੀ ਔਰਤ ਨੂੰ ਆਪਣੀ ਥਾਂ ਤੋਂ ਗਾਇਬ ਦੇਖ ਕੇ ਉਸ ਨੂੰ ਭਾਰੀ ਝਟਕਾ ਲਗਦਾ ਹੈ। ਆਲੇ ਦੁਆਲੇ ਦੇਖਦਾ ਹੈ। ਡੂੰਘੀ ਸੋਚ ਵਿਚ ਡੁੱਬਾ ਉਸ ਜਗ੍ਹਾ ਪੁਜ ਕੇ ਆਪ ਮੁਹਾਰੇ ਗੱਲਾਂ ਕਰਨ ਲਗ ਜਾਂਦਾ ਹੈ।)

ਪ੍ਰੋਫੈਸਰ : ਐ ਔਰਤ! ਆਦਿ ਕਾਲ ਤੋਂ ਮਰਦ ਹੱਥੋਂ ਤੇਰਾ ਸ਼ੋਸ਼ਨ ਹੁੰਦਾ ਰਿਹਾ। ਖੂਨਖਾਰ ਹਮਲਾਵਰ ਤੈਨੂੰ ਪਸ਼ੂਆਂ ਵਾਂਗ ਹਿਕ ਕੇ ਬਾਹਰ ਲਿਜਾਂਦੇ ਰਹੇ। ਬਜ਼ਾਰਾਂ ਵਿਚ ਸ਼ਰੇਆਮ ਤੇਰਾ ਟਕਾ ਟਕਾ ਮੁਲ ਪੈਂਦਾ ਰਿਹਾ। ਕੋਈ ਦੇਵੀ-ਦੇਵਤਾ ਤੇਰੀ ਮਦਦ ਲਈ ਨਾ ਬਹੁੜਿਆ। ਸੀਤਾ ਤੇ ਦਰੋਪਤੀ ਵਰਗੀਆਂ ਸਵਿਤਰੀਆਂ ਵੀ ਸਮਾਜ ਹਥੋਂ ਦੁਖੀ ਰਹੀਆਂ। ਜੰਗਾਂ ਜੁੱਧਾਂ, ਫਿਰਕੂ ਫਸਾਦਾਂ ਜਾਂ ਦੇਸ ਦੀਆਂ ਵੰਡ ਸਮੇਂ ਹਵਸ ਭੁੱਖੇ ਦਰਿੰਦਿਆਂ ਦਾ ਕਹਿਰ ਤੇਰੇ ਉਤੇ ਢਹਿੰਦਾ ਰਿਹਾ।

(ਦੋਵੇਂ ਬਜ਼ੁਰਗ ਵੀ ਸੈਰ ਤੋਂ ਵਾਪਸ ਮੁੜਦੇ ਹਨ।)



ਸਤਨਾਮ : ਓਹ ਤਾਂ ਪ੍ਰੋਫੈਸਰ ਚੋਪੜਾ ਖੜਾ ਏ।

ਭਗਵਾਨ : ਇਹ ਖੜਾ ਕੀ ਬੋਲ ਰਿਹਾ।

ਸਤਨਾਮ : ਪ੍ਰੋਫੈਸਰ ਸਾਹਿਬ, ਕਿਸ ਨਾਲ ਗੱਲਾਂ ਕਰ ਰਹੇ ਓ?

ਪ੍ਰੋਫੈਸਰ : ਬੁਰੇ ਵਕਤ ਨਾਲ।

ਸਤਨਾਮ : ਅਤੀਤ ਨਾਲ ਕਿ ਵਰਤਮਾਨ ਨਾਲ।

ਪ੍ਰੋਫੈਸਰ : ਮੈਨੂੰ ਮਨੁੱਖਤਾ ਦੇ ਭਵਿੱਖ ਦੀ ਚਿੰਤਾ ਖਾ ਰਹੀ ਹੈ। ਕੀ ਬਣੇਗਾ ਇਸ ਮੁਲਕ ਦਾ।

ਭਗਵਾਨ : ਪ੍ਰੋਫੈਸਰ ਸਾਹਿਬ, ਇਕ ਦੁਖੀਆ ਔਰਤ ਇੱਥੇ ਖੜੀ ਸੀ।

ਪ੍ਰੋਫੈਸਰ : ਉਸੇ ਬਾਰੇ ਸੋਚ ਕੇ ਮੈਨੂੰ ਗਿਲਾਨੀ ਹੋ ਰਹੀ ਹੈ।

ਸਤਨਾਮ : ਕਿੱਥੇ ਚਲੀ ਗਈ ਉਹ?

ਪ੍ਰੋਫੈਸਰ : ਮੈਂ ਦੂਰੋਂ ਦੇਖਿਆ ਇਕ ਸਿਪਾਹੀ ਉਸਨੂੰ ਧਕੇ ਮਾਰ ਮਾਰ ਕੇ ਓਧਰ ਨੂੰ ਲੈ ਗਿਆ।

ਭਗਵਾਨ : ਤੁਸੀਂ ਦਬਕਾ ਮਾਰਨਾ ਸੀ।

ਸਤਨਾਮ : ਐਨੀ ਹਿੰਮਤ ਬੁਧੀਜੀਵੀਆਂ 'ਚ ਕਿੱਥੇ?

ਪ੍ਰੋਫੈਸਰ : ਬਿਲਕੁਲ ਠੀਕ ਕਿਹਾ। ਅਸੀਂ ਲੋਕ ਸਿਰਫ ਭਾਸ਼ਨ ਦੇਣ ਜੋਗੇ ਆਂ।

ਸਤਨਾਮ : ਪ੍ਰੋਫੈਸਰ ਸਾਹਿਬ, ਠੀਕ ਹੀ ਸਾਡੇ ਇਖਲਾਕ ਦਾ ਦੁਆਲਾ ਨਿਕਲ ਗਿਆ ਏ।

ਪ੍ਰੋਫੈਸਰ : ਜ਼ਖਮਾਂ ਤੇ ਮਲਮ ਲਾਣ ਦੀ ਥਾਂ ਬੇਰਹਿਮੀ ਨਾਲ ਲੂਣ ਛਿੜਕ ਰਹੇ ਨੇ।

ਸਤਨਾਮ : ਪਰ ਉਸ ਦੁਖੀਆ ਨੂੰ ਕੋਈ ਫਰਕ ਨਹੀਂ ਸੀ ਪੈ ਰਿਹਾ। ਉਸਦੇ ਜਜ਼ਬੇ ਪੀੜਾਂ ਸਹਿ ਸਹਿਕੇ ਸੁੰਨ ਹੋ ਚੁੱਕੇ ਨੇ।

ਭਗਵਾਨ : ਮੈਂ ਹੈਰਾਨ ਹਾਂ ਕਿ ਉਹ ਤੁਰ ਫਿਰ ਕਿੱਦਾਂ ਰਹੀ ਏ।

ਪ੍ਰੋਫੈਸਰ : ਬਚਦੀ ਖੁਚਦੀ ਅੰਤਰ-ਪ੍ਰੇਰਨਾ ਅਧੀਨ। ਇਹ ਕੁਦਰਤ ਦਾ ਕ੍ਰਿਸ਼ਮਾ ਸਮਝੋ ਕਿ ਆਸ ਉਮੀਦ ਦੀ ਬਰੀਕ ਤੰਦ ਆਖਰੀ ਦਮ ਤਕ ਕਾਇਮ ਰਹਿੰਦੀ ਹੈ।

ਸਤਨਾਮ : ਪ੍ਰੋਫੈਸਰ ਸਾਹਿਬ, ਆਉ ਚੱਲੀਏ ਘਰਾਂ ਨੂੰ।

ਭਗਵਾਨ : ਰੱਬ ਦਾ ਭਾਣਾ ਮੰਨਣ ਤੋਂ ਬਿਨਾ ਹੋਰ ਕਰ ਵੀ ਕੀ ਸਕਦੇ ਆਂ।

ਪ੍ਰੋਫੈਸਰ : ਸ਼ਾਸਕਾਂ ਦੀਆਂ ਗਲਤ ਨੀਤੀਆਂ ਦਾ ਆਉਣ ਵਾਲੀਆਂ

ਔਲਾਦਾਂ ਨੂੰ ਖਮਿਆਜ਼ਾ ਭੁਗਤਣਾ ਪੈਣਾ ਏਂ। ਬਹੁਤ ਦਫਾ ਇਕ ਨਿੱਕੀ ਜਿਹੀ ਭੁੱਲ ਇਤਿਹਾਸ ਦਾ ਰੁਖ ਬਦਲ ਦਿੰਦੀ ਹੈ।

(ਸੜਕ ਵਲੋਂ ਨਗਰ ਪਾਲਕਾ ਦੇ ਚਾਰ ਕਰਿੰਦੇ ਇਕ ਲਾਸ਼ ਨੂੰ ਚੁੱਕੀ ਦਿਖਾਈ ਦਿੰਦੇ ਹਨ। ਕੁਝ ਲੋਕੀਂ ਵੀ ਮਗਰ ਆਉਂਦੇ ਹਨ।)

ਸਾਰੇ : (ਰਲਕੇ)
ਰਾਮ ਨਾਮ ਸਤ ਹੈ
ਔਰਤ ਦੇਸ ਦੀ ਪੱਤ ਹੈ।
ਸੱਤਾ ਦਾ ਦੋਸ ਸਚ ਹੈ।
ਰਾਮ ਨਾਮ ਸਤ ਹੈ

ਸਤਨਾਮ : ਭਗਵਾਨ ਦਾਸਾ! ਇਨ੍ਹਾਂ ਜੁਆਨਾਂ ਨੇ ਚਾਨਣ ਕਰ ਦਿੱਤਾ। ਖੌਰੇ ਕਿੰਨੀਆਂ ਔਰਤਾਂ ਨੰਗੇ ਜ਼ਖਮ ਲਈ ਫਿਰਦੀਆਂ ਨੇ। ਔਰਤ ਭਾਵੇਂ ਦਿੱਲੀ ਦੇ ਦੰਗਿਆਂ ਦੀ ਸ਼ਿਕਾਰ ਹੋਵੇ ਚਾਹੇ ਭਾਗਲਪੁਰ, ਭਿਵੰਡੀ ਜਾਂ ਪੰਜਾਬ ਵਿਚ ਜ਼ੁਲਮ ਦੀ ਮਾਰੀ ਹੋਵੇ। ਮੁਲਕ ਦੇ ਮੂੰਹ ਤੇ ਕਾਲਖ ਦਾ ਧੱਬਾ ਏ।

ਪ੍ਰੋਫੈਸਰ : ਬਿਲਕੁਲ ਸਚ ਕਿਹਾ। ਔਰਤ ਮਨੁੱਖ ਜਾਤੀ ਦੀ ਮਾਂ ਹੈ। ਮਾਂ ਦੀ ਪੱਤ ਦੇਸ ਦੀ ਪਤ ਹੁੰਦੀ ਹੈ। ਜਿਸ ਮੁਲਕ ਵਿਚ ਮਾਂ ਦਾ ਸਤਕਾਰ ਨਹੀਂ ਉਸ ਦੇਸ ਦੀ ਆਤਮਾ ਮੁਰਦਾ ਹੋ ਚੁੱਕੀ ਹੈ।

ਸਾਥੀ : ਅੱਗੇ ਕਿਸੇ ਨੇ ਦੁਖੀਆਂ ਦੀ ਬਾਤ ਨਹੀਂ ਸੀ ਪੁੱਛੀ, ਹੁਣ ਦੇਖਣਾ ਕਿੱਦਾਂ ਪ੍ਰੈਸ ਤੇ ਹਕੂਮਤ ਹਰਕਤ ਵਿਚ ਆਉਂਦੀ ਹੈ।

ਨੌਜਵਾਨ : ਹਿੰਸਕ ਕਾਰਵਾਈ ਤੋਂ ਬਿਨਾ ਹਕੂਮਤ ਨੂੰ ਖਾਜ ਨਹੀਂ ਹੁੰਦੀ ।

(ਸਾਥੀ ਦੀ ਗਲ ਖਤਮ ਹੁੰਦੇ ਸਾਰ ਪੁਲੀਸ ਦੀਆਂ ਸੀਟੀਆਂ ਸੁਣਾਈ ਦਿੰਦੀਆਂ ਹਨ। ਘੜੀ ਪਲ ਵਿਚ ਬਹੁਤ ਸਾਰੀ ਪੁਲੀਸ ਫੋਰਸ ਇਕੱਠੀ ਹੋ ਜਾਂਦੀ ਹੈ। ਸਾਥੀ ਦੇ ਇਸ਼ਾਰੇ ਤੇ ਦੋਵੇਂ ਨੌਜਵਾਨ ਦੋਧੀ ਅਤੇ ਸਾਥੀ ਚਾਰੇ ਅਰਥੀ ਨੂੰ ਚੁੱਕ ਕੇ ਤੁਰ ਪੈਂਦੇ ਹਨ। ਪੁਲੀਸ ਜਲੂਸ ਨੂੰ ਰੋਕਣ ਲਈ ਅੱਗੇ ਵਧਦੀ ਹੈ।)

ਸਾਥੀ : ਇਨਕਲਾਬ!

ਸਾਰੇ : ਜਿੰਦਾਬਾਦ! ਜਿੰਦਾਬਾਦ!!

ਪੁਲੀਸ ਇੰਸਪੈਕਟਰ : ਰੁਕ ਜਾਓ ਵਰਨਾ ਗੋਲੀ ਵਰ੍ਹੇਗੀ। (ਹੈਂਟਰ ਉਗਰਦਾ ਹੈ। ਪ੍ਰੈਸ



ਫੋਟੋਗ੍ਰਾਫਰ ਫੋਟੋ ਲੈਣ ਲਗਦਾ ਹੈ। ਇੰਸਪੈਕਟਰ ਕੈਮਰਾ ਖੋਹ ਲੈਂਦਾ ਹੈ।)

ਸਾਥੀ : ਇਨਕਲਾਬ!

ਸਾਰੇ : ਜ਼ਿੰਦਾਬਾਦ!

(ਹੱਥੋ ਪਾਈ ਵਿਚ ਅਰਥੀ ਭੁੰਜੇ ਡਿੱਗ ਪੈਂਦੀ ਹੈ। ਰੌਸ਼ਨੀ ਮੱਧਮ ਹੋ ਜਾਂਦੀ ਹੈ। ਕਫਨ ਵਿਚੋਂ ਇਕ ਸੁੰਦਰੀ ਦਾ ਛਾਇਆ ਚਿੱਤਰ ਉਭਰਦਾ ਹੈ। ਹੈਰਾਨ ਪ੍ਰੇਸ਼ਾਨ ਲੋਕੀ ਉਸ ਨੂੰ ਜਿੰਨ ਭੂਤ ਸਮਝ ਕੇ ਡਰ ਨਾਲ ਪਿਛੇ ਹਟ ਜਾਂਦੇ ਹਨ।)

ਆਵਾਜ਼ : ਹਾਏ ਭੂਤ!

ਗੰਭੀਰ ਆਵਾਜ਼ : ਭੂਤ ਨਹੀਂ ਬੁੱਢੀ ਦਾ ਅਤੀਤ-ਅਸਲ ਰੂਪ ਵਿਚ!
ਰਾਮ ਨਾਮ ਸਤ ਹੈ
ਨਿਜਾਤ ਦੀ ਘੜੀ ਪਕ ਹੈ
ਜਨਤਾ ਨੇ ਖੋਣਾ ਹੱਕ ਹੈ
ਰਾਮ ਨਾਮ ਸੱਤ ਹੈ।

ਸਤਨਾਮ : ਜੁਆਨੋ, ਇਹ ਕਿਸਦੀ ਲਾਸ਼ ਹੈ?

ਕਰਮਚਾਰੀ : ਉਹ ਬੁੱਢੀ ਮਰ ਗਈ।

ਸਤਨਾਮ : ਕਿਹੜੀ ਬੁੱਢੀ?

ਕਰਮਚਾਰੀ : ਜੋ ਸਵੇਰ ਦੀ ਇਥੇ ਖੜੀ ਸੀ।

ਸਤਨਾਮ : ਹੈਂ! ਦੁਖੀਆ ਦਾ ਅੰਤ ਹੋ ਗਿਆ? ਕਿਵੇਂ ਹੋਇਆ? ਕੁਝ ਦਸ ਸਕਦੇ ਓ।

ਭਗਵਾਨ : ਇਕ ਗੱਲੋਂ ਤਾਂ ਚੰਗਾ ਹੋਇਆ। ਦੁਖ ਤੋਂ ਵਿਚਾਰੀ ਦਾ ਛੁਟਕਾਰਾ ਹੋ ਗਿਆ।

ਕਰਮਚਾਰੀ : ਚਸ਼ਮਦੀਦ ਗਵਾਹਾਂ ਤੋਂ ਪਤਾ ਲੱਗਾ?

ਸਤਨਾਮ : ਕੀ ਪਤਾ ਲੱਗਾ?

ਕਰਮਚਾਰੀ : ਪਾਸ਼ੋ, ਪਾਸ਼ੋ ਵਾਜਾਂ ਮਾਰਦੀ ਸੜਕ ਵਲ ਬੇਤਹਾਸ਼ਾ ਦੌੜੀ। ਬਸ ਨਾਲ ਟੱਕਰ ਗਈ।

ਸਤਨਾਮ : ਸਦ ਅਫਸੋਸ! ਜ਼ਰੂਰ ਧੀ ਦਾ ਭੁਝੱਕ ਲੱਗਾ ਹੋਣਾ ਏਂ।

ਭਗਵਾਨ : ਹੁਣ ਇਨੂੰ ਕਿੱਥੇ ਲਿਜਾ ਰਹੇ ਓ।

ਕਰਮਚਾਰੀ : ਪੋਸਟ ਮਾਰਟਮ ਲਈ।

ਸਤਨਾਮ : ਅੱਗੇ ਥੋੜ੍ਹੀ ਖੱਜਲ ਖੁਆਰੀ ਹੋਈ ਏ ਗਰੀਬਣੀ ਦੀ।

(ਸਾਥੀ ਅਤੇ ਦੋਵੇਂ ਨੌਜਵਾਨ ਨੱਸੇ ਆਉਂਦੇ ਹਨ।)

ਸਾਥੀ : (ਬੜੇ ਰੋਹਬ ਨਾਲ) ਲਾਸ਼ ਨੂੰ ਧਰਤੀ ਤੇ ਰਖ ਦਿਉ ਅਸੀਂ ਲਾਵਾਰਸ ਲਾਸ਼ ਨੂੰ ਇੰਜ ਨਹੀਂ ਲਿਜਾਣ ਦਿਆਂਗੇ। ਲੋਕਾਂ ਨੂੰ ਇਕੱਠਾ ਕਰ ਕੇ ਸਨਮਾਨ ਨਾਲ ਜਲੂਸ ਕਢਕੇ ਲਿਜਾਵਾਂਗੇ। ਇਹ ਫਿਰਕੂ ਦੰਗਿਆਂ ਦੀ ਸ਼ਿਕਾਰ ਹੈ। ਮਹਾਨ ਸ਼ਹੀਦ।

ਪ੍ਰੋਫ਼ੈਸਰ : (ਜੋ ਹੁਣ ਤਕ ਚੁਪ ਖੜਾ ਸੀ) ਸ਼ਾਬਾਸ਼ ਦੋਸਤਾ! ਜਨਤਾ ਨੂੰ ਜਾਗ੍ਰਿਤ ਕਰਨ ਵਿਚ ਹੀ ਮੁਲਕ ਦੀ ਨਿਜਾਤ ਹੈ।

ਸਾਥੀ : ਇਨਕਲਾਬ!

ਬਾਕੀ ਸਾਰੇ : ਜ਼ਿੰਦਾ ਬਾਦ! ਜ਼ਿੰਦਾਬਾਦ!!

(ਕਾਫ਼ੀ ਲੋਕ ਇਕੱਠੇ ਹੋ ਜਾਂਦੇ ਹਨ। ਭਗਵਾਨ ਦਾਸ ਅਤੇ ਸਤਨਾਮ ਸਿੰਘ ਉਹਨਾਂ ਦੇ ਨਾਲ ਰਲ ਜਾਂਦੇ ਹਨ।
ਪਲਕ੍ਰ ਪਿਛੋਂ ਮੁੜ ਹੌਲੀ ਹੌਲੀ ਮਧਮ ਚਾਨਣ ਹੁੰਦਾ ਹੈ। ਅਰਥੀ ਧਰਤੀ ਤੇ ਪਈ ਪਹਿਲੀ ਹਾਲਤ ਵਿੱਚ ਦਿਖਾਈ ਦਿੰਦੀ ਹੈ। ਲੋਕੀ ਫਰੀਜ਼ ਹੋਏ ਖੜੇ ਹਨ। ਰੰਗ ਮੰਚ ਉਤੋਂ ਉਹੋ ਅੰਨਾ ਗਾਂਦਾ ਹੋਇਆ ਲੰਘਦਾ ਹੈ।)

ਅਜ਼ਲ ਤੋਂ ਹੀ ਆਦਮੀ ਜ਼ਾਲਮ ਰਿਹਾ
ਲੈਕੇ ਖੁਸ਼ੀਆਂ ਸੁਹਲ ਦੇਂਦਾ ਗ਼ਮ ਰਿਹਾ
ਨਜ਼ਰ ਵਿਚ ਔਰਤ ਸਦਾ ਦਾਸੀ ਰਹੀ
ਇਸ ਲਈ ਔਰਤ ਦੀ ਰੂਹ ਪਿਆਸੀ ਰਹੀ
ਹਾਏ! ਔਰਤ ਇਮਤਿਹਾਨਾਂ ਵਿਚ ਰਹੀ
ਇਸ ਕਦੀ ਮਾਣੀ ਨਾ ਅਸਲੀ ਜ਼ਿੰਦਗੀ
ਹਾਏ! ਔਰਤ ਇਕ ਖਿਡੌਣਾ ਹੀ ਰਹੀ
ਹਾਏ ਔਰਤ! ਹਾਏ ਜ਼ਾਲਮ ਆਦਮੀ!!

(ਬਾਵਾ ਬਲਵੰਤ)

(ਪਰਦਾ)

# ਜੁਗ ਜੁਗ ਅਟਲ

# ਪਾਤਰ

ਸੂਤਰ ਧਾਰ
ਨਟੀ
ਦੋ ਮਰਦ
ਦੋ ਇਸਤ੍ਰੀਆਂ
ਕਾਲਜ ਦੇ ਚਾਰ ਲੜਕੇ
ਚਾਰ ਲੜਕੀਆਂ
ਸੰਗੀਤ ਮੰਡਲੀ



# ਜੁਗ ਜੁਗ ਅਟਲ

**ਇਸ** ਇਕਾਂਗੀ ਦਾ ਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਰਚਿਤ ਤੁਕ ''ਰਾਮ ਕਥਾ ਜੁਗ ਜੁਗ ਅਟਲ ਸਭ ਕੋ ਭਾਖਤ ਨੇਤ'' ਤੋਂ ਲਿਆ ਗਿਆ ਹੈ। 1976 ਵਿਚ ਮੈਂ ਰਾਮਾਇਣ ਨੂੰ ਵਾਰਤਕ ਰੂਪ ਵਿਚ ਲਿਖਣ ਦਾ ਮਨ ਬਣਾਇਆ ਸੀ। ਯੋਜਨਾ ਸੀ, ਸੰਪੂਰਨ ਰਾਮਾਇਣ ਨੂੰ ਰਵਾਇਤੀ ਰਾਮ ਲੀਲਾ ਦੇ ਟਾਕਰੇ ਤੇ ਪੂਰੇ ਦਸ ਦਿਨ ਖੇਡਿਆ ਜਾਵੇ। ਪੰਜਾਬ ਕਲਾ ਮੰਚ ਦੇ ਸੁਪਰ ਸਿੱਧ ਨਿਰਦੇਸ਼ਕ ਹਰਪਾਲ ਟਿਵਾਣਾ ਨੂੰ ਮੇਰਾ ਸੁਝਾ ਜਚ ਗਿਆ ਸੀ।

1978 ਵਿਚ ਦੁਸਹਿਰੇ ਦੇ ਮੌਕੇ ਤੇ ਹਰਪਾਲ ਟਿਵਾਣਾ ਨੇ ਪੰਜਾਬੀ ਭਵਨ ਲੁਧਿਆਣਾ ਦੇ ਖੁਲ੍ਹੇ ਰੰਗਮੰਚ ਉਤੇ ਦਸ ਦਿਨ ਲਗਾਤਾਰ ਰਾਮ ਲੀਲਾ ਨਾਟਕ ਖੇਡਿਆ ਸੀ। ਉਦਘਾਟਨੀ ਪੇਸ਼ਕਾਰੀ ਵਾਲੇ ਦਿਨ ਦਰਸ਼ਕਾਂ ਵਿਚ ਬਹੁਤ ਸਾਰੇ ਸੂਝਵਾਨ ਪਤਵੰਤੇ ਸੱਜਨ ਹਾਜ਼ਰ ਸਨ। 'ਅਜੀਤ' ਦੇ ਸੰਪਾਦਕ ਸ੍ਰ: ਬਰਜਿੰਦਰ ਸਿੰਘ ਨੇ ਪੌਣੇ ਤਿੰਨ ਘੰਟੇ ਦਾ ਨਾਟਕ ਦੇਖਣ ਤੋਂ ਬਾਅਦ ਕਿਹਾ ਸੀ, ''ਪੰਜਾਬੀ ਰੰਗ ਮੰਚ ਦੇ ਇਤਿਹਾਸ ਵਿਚ ਇਹ ਅਸਲੋਂ ਨਵਾਂ ਤੇ ਸਫਲ ਤਜਰਬਾ ਹੈ।''

ਸ੍ਰੀ ਐਚ. ਐਸ. ਭੱਟੀ ਵਲੋਂ ਚੰਡੀਗੜ੍ਹ ਵਿਚ ਪੰਜਾਬੀ ਕਲਾ ਕੇਂਦਰ ਵਲੋਂ 17 ਤੋਂ 19 ਮਾਰਚ 1979 ਤਕ ਤਿੰਨ ਦਿਨਾਂ ਦਾ ਪੰਜਾਬੀ ਨਾਟਕ ਮੇਲਾ ਰਚਾਇਆ ਗਿਆ ਸੀ। ਪਹਿਲੇ ਦਿਨ 17 ਮਾਰਚ ਦੀ ਸ਼ਾਮ ਨੂੰ ਹਰਪਾਲ ਟਿਵਾਣਾ ਨਿਰਦੇਸ਼ਿਤ ਨਾਟਕ 'ਰਾਮ ਲੀਲ੍ਹਾ' ਕਲਾਸਕੀ ਪੱਧਰ ਤੇ ਪੇਸ਼ ਕੀਤਾ ਗਿਆ ਸੀ। ਚੰਡੀਗੜ੍ਹ ਦੇ ਸੂਝਵਾਨ ਦਰਸ਼ਕਾਂ ਵਲੋਂ ਉਸ ਨੂੰ ਭਰਪੂਰ ਹੁੰਗਾਰਾ ਮਿਲਿਆ ਸੀ। ਰੋਜ਼ਾਨਾ ਪਤਰਾਂ ਵਿਚ ਉਂਸ ਪੇਸ਼ਕਾਰੀ ਦੀ ਚੰਗੀ ਪ੍ਰਸੰਸਾ ਹੋਈ ਸੀ। ਉਸ ਵਿਚ 40 ਅਦਾਕਾਰਾਂ ਨੇ ਭਾਗ ਲਿਆ ਸੀ ਜਿਨ੍ਹਾਂ ਵਿਚ 9 ਲੜਕੀਆਂ ਸਨ। ਉਸ ਦਿਨ ਦੀ ਪੇਸ਼ਕਾਰੀ ਨੇ ਪੰਜਾਬੀ ਥੀਏਟਰ ਦੀ ਵਿਕਸਿਤ ਸਥਿਤੀ ਦਾ ਠੋਸ ਸਬੂਤ ਪੇਸ਼ ਕੀਤਾ ਸੀ।

ਹਥਲਾ ਇਕਾਂਗੀ ''ਜੁਗ ਜੁਗ ਅਟਲ'' ਮੈਂ ਸਮੁਚੇ ਨਾਟਕ 'ਰਾਮ ਲੀਲ੍ਹਾ' ਦੀ ਭੂਮਿਕਾ ਵਜੋਂ ਲਿਖਿਆ ਸੀ। ਸ੍ਰੀ ਟਿਵਾਣਾ ਨੇ ਇਸ ਨੂੰ ਪੇਸ਼ਕਾਰੀ ਵਿਚ ਸ਼ਾਮਲ ਨਹੀਂ ਸੀ ਕੀਤਾ। ਮੈਂ ਇਸ ਨੂੰ ਸੁਚੇਤ ਤੌਰ ਤੇ ਵਰਤਮਾਨ ਰੰਗ ਮੰਚ ਦੀ ਪ੍ਰਚੱਲਤ

ਪ੍ਰਵਿਰਤੀ ਅਨੁਸਾਰ ਰਚਿਆ ਹੈ। ਇਸ ਵਿਚ ਮੈਂ ਦਰਸ਼ਕਾਂ ਨੂੰ ਖੇਡ ਵਿਚ ਹਿੱਸੇਦਾਰ ਬਣਾਇਆ ਹੈ। ਅਦਾਕਾਰ ਦਰਸ਼ਕਾਂ ਵਿਚੋਂ ਉਠ ਕੇ ਮੰਚ ਉੱਤੇ ਆਉਂਦੇ ਹਨ। ਇਹ ਇਕਾਂਗੀ ਅਜੇ ਤਕ ਅਣਛਪਿਆ ਹੀ ਪਿਆ ਸੀ। ਮੈਨੂੰ ਭਰੋਸਾ ਹੈ ਕਿ ਜਿਹੜਾ ਵੀ ਨਾਟਕ ਟੋਲਾ ਇਸ ਨੂੰ ਰੰਗ ਮੰਚ ਉਤੇ ਪੇਸ਼ ਕਰਨ ਦਾ ਉਦੱਮ ਕਰੇਗਾ ਉਹ ਭਾਰੀ ਸਫਲਤਾ ਪ੍ਰਾਪਤ ਕਰੇਗਾ।



# ਜੁਗ ਜੁਗ ਅਟਲ

**ਪਰਦਾ** ਉਠਦੇ ਸਾਰ ਸੰਗੀਤ ਮੰਡਲੀ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਰਚਿਤ ਹੇਠਲੀ ਤੁਕ ਦੇ ਤਿੰਨ ਵਾਰ ਗਾਈ ਜਾਂਦੀ ਹੈ :

ਰਾਮ ਕਥਾ ਜੁਗ ਜੁਗ ਅਟਲ, ਸਭ ਕੋ ਭਾਖਤ ਨੇਤਿ

ਮੰਚ ਦਾ ਸਮੁੱਚਾ ਦ੍ਰਿਸ਼ਟ ਪ੍ਰਤੀਕਾਤਮਕ (Symbolic) ਹੈ। ਕੁਝ ਮੁਟਕ, ਤੀਰ ਕਮਾਣ ਤੇ ਹੋਰ ਨਾਟ ਸਮਗਰੀ, ਮੰਚ ਉੱਤੇ ਖਿੰਡਰੀ ਦਿਖਾਈ ਦਿੰਦੀ ਹੈ। ਪਰਦਾ ਉਠਣ ਤੋਂ ਕੁਝ ਦੇਰ ਬਾਅਦ ਰੰਗ ਭੂਮੀ ਦੇ ਦੋਹਾਂ ਪਿਛਲੇ ਕੋਨਿਆਂ ਤੋਂ ਉੱਚੀ ਉੱਚੀ ਰੋਣ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਅੱਧ ਬੰਨੀ ਪਗੜੀ ਦਾ ਲੜ ਹੱਥ ਵਿਚ ਫੜੀ ਸੂਤਰਧਾਰ ਬਾਹਰ ਵੱਲ ਝਾਕਦਾ ਹੈ।

ਸੂਤਰਧਾਰ : (ਅਤਿ ਹੈਰਾਨੀ ਵਿਚ ਪਹਿਲਾਂ ਦਰਸ਼ਕਾਂ ਤੇ ਫੇਰ ਰੋਂਦੇ ਇਸਤ੍ਰੀ-ਮਰਦਾਂ ਵਲ ਦੇਖਦਾ ਹੈ) ਸੁੰਦਰੀ ਜੀ! ਏ ਸੁੰਦਰੀ ਜੀ!

ਨਟੀ : (ਅੰਦਰੋਂ ਹੀ) ਹਾਂ ਸਵਾਮੀ ਜੀ।

ਸੂਤਰਧਾਰ : ਝਟਾਪਟ ਬਾਹਰ ਆਓ।

ਨਟੀ : ਮੈਂ ਹਾਰ ਸ਼ਿੰਗਾਰ ਕਰ ਰਹੀ ਆਂ।

ਸੂਤਰਧਾਰ : ਹਾਰ ਸ਼ਿੰਗਾਰ ਪਿਆ ਢੱਠੇ ਖੂਹ 'ਚ।

ਨਟੀ : (ਅੰਦਰੋਂ) ਮੈਂ ਕਿਹਾ ਜੀ, ਜ਼ਰਾ ਧੀਰਜ ਕਰੋ, ਐਨੀ ਕਿਹੜੀ ਆਫਤ ਆ ਗਈ?

ਸੂਤਰਧਾਰ : ਆਫ਼ਤ! ਕੰਮ ਚੌੜ ਚੁਪਟ ਹੁੰਦਾ ਦਿਸਦਾ, ਖੇਲ ਵਿੱਚ ਵਿਗਨ ਪੈਂਦਾ ਲਗਦਾ।

ਨਟੀ : (ਵਾਲ ਸੰਵਾਰਦੀ ਹੋਈ ਬਾਹਰ ਆਕੇ) ਹਾਏ, ਰਾਮ! ਤੁਸੀਂ ਤਾਂ ਮੇਰੀ ਜਾਨ ਈ ਕੱਢ ਦਿੱਤੀ ਏ।

ਸੂਤਰਧਾਰ : ਜੇ ਅੱਖਾਂ ਨਾਲ ਨੇ ਤਾਂ ਜ਼ਰਾ ਓਧਰ ਝਾਕ। ਬਦਸ਼ਗਨੀ ਦੇ ਪ੍ਰਤੱਖ ਲੱਛਣ ਦਿਖਾਈ ਦਿੰਦੇ ਨੇ। ਪ੍ਰਭੂ ਉਸਤਤ ਦੀ ਥਾਂ ਇੱਥੇ ਤਾਂ ਰੋਣ ਪਿੱਟਣ ਪਿਆ ਹੋਇਐ।

ਨਟੀ : ਇਹ ਸੂਝਵਾਨ ਦਰਸ਼ਕ ਪਿੱਛੇ ਵੱਲ ਕਿਉਂ ਝਾਕਦੇ ਨੇ? ਇਹ

ਰੌਲਾ ਰੱਪਾ ਸੁਣਨ ਆਏ ਨੇ ਕਿ ਸਾਡਾ ਖੇਲ ਤਮਾਸ਼ਾ।

ਸੂਤਰਧਾਰ : ਅਜ ਉਸੇ ਦੀ ਸੁਣਾਈ ਹੁੰਦੀ ਏ ਜਿਹੜਾ ਬਹੁਤਾ ਰੌਲਾ ਪਾਵੇ।

ਨਾਟ : ਫੇਰ ਅਸੀਂ ਵੀ ਸਾਜ਼ਿੰਦਿਆਂ ਨੂੰ ਆਖਦੇ ਹਾਂ ਜ਼ੋਰ ਜ਼ੋਰ ਨਾਲ ਵਜਾਉਣ। ਲੋਕੀ ਆਪੇ ਸਾਡੇ ਵੱਲ ਝਾਕਣਗੇ।

ਸੂਤਰਧਾਰ : (ਪੇਟੀ ਮਾਸਟਰ ਨੂੰ ਇਸ਼ਾਰੇ ਨਾਲ) ਉੱਚੀ!

ਕੁਝ ਪਲ ਉੱਚੀ ਸੁਰ ਵਿੱਚ ਸਾਜ਼ ਵਜਦੇ ਹਨ। ਦਰਸ਼ਕਾਂ ਦੀ ਭੀੜ ਵਿਚੋਂ ਦੋ ਮਰਦ ਤੇ ਦੋ ਇਸਤ੍ਰੀਆਂ ਉੱਚੀ ਉੱਚੀ ਧਾਹਾਂ ਮਾਰਦੀਆਂ ਰੰਗ ਮੰਚ ਵੱਲ ਵੱਧਦੀਆਂ ਹਨ। ਸਭ ਦਰਸ਼ਕ ਉਨ੍ਹਾਂ ਵਲ ਦੇਖਣ ਲਗ ਜਾਂਦੇ ਹਨ।

ਨਟੀ : (ਢਿੱਲਾ ਜਿਹਾ ਬੁਲ੍ਹ ਕਰਕੇ) ਸੁਆਮੀ ਜੀ, ਮੰਚ ਵੰਨੀ ਤਾਂ ਕੋਈ ਝਾਕਦਾ ਵੀ ਨਹੀਂ!

ਸੂਤਰਧਾਰ : (ਸਾਜ਼ ਬੰਦ ਕਰਨ ਦਾ ਇਸ਼ਾਰਾ ਕਰਕੇ) ਛਿੰਜ ਦੇ ਢੋਲ ਢਮੱਕੇ ਵਿਚ ਸ਼ਾਸਤਰੀ ਸੰਗੀਤ ਕੌਣ ਸੁਣਦਾ।

ਨਟੀ : ਜੀ, ਹਾਏ! ਉਨ੍ਹਾਂ ਦੀ ਹਾਲ ਪੁਕਾਰ ਤਾਂ ਸੁਣੋ। ਡਾਢੇ ਦੁਖੀ ਜਾਪਦੇ ਨੇ ਵਿਚਾਰੇ।

ਸੂਤਰਧਾਰ : ਭਲੀਏ ਲੋਕੇ, ਕੀ ਅਸੀਂ ਬਹੁਤ ਸੁਖੀਆਂ ਜਿਨ੍ਹਾਂ ਦੀ ਕਲਾ ਨਾ ਸਰਕਾਰ ਕਦਰ ਪਾਂਦੀ ਹੈ ਤੇ ਨਾ ਪੰਜਾਬੀ ਲੋਕ।

ਨਟੀ : ਫੇਰ ਵੀ ਪੁੱਛੋ ਤਾਂ ਸਹੀ।

ਸੂਤਰਧਾਰ : ਸਜਨੀ, ਸਾਰਾ ਜਹਾਨ ਈ ਦੁਖੀ ਏ, ਬੰਦਾ ਕੀਹਦਾ ਕੀਹਦਾ ਦੁੱਖ ਵੰਡਾਵੇ, ਕੀਹਦਾ ਢੋਲ ਅਪਣੇ ਗਲ ਪਾਵੇ।

ਨਟੀ : (ਮੂੰਹ ਦੂਜੇ ਪਾਸੇ ਵੱਲ ਮਰੋੜ ਕੇ) ਮਰਦ ਜ਼ਾਤ ਵੀ ਕਿੰਨੀ ਪੱਥਰ ਦਿਲ ਹੋ ਗਈ ਏ।

ਸੂਤਰਧਾਰ : (ਉਲਟੇ ਪਾਸੇ ਨੂੰ ਮੂੰਹ ਕਰਕੇ) ਇਸਤ੍ਰੀ ਦਿਲ ਕਿੰਨੀ ਛੇਤੀ ਪੰਘਰ ਜਾਂਦਾ ਏ, ਭਾਵੇਂ ਕੋਈ ਪਖੰਡ ਈ ਕਰ ਰਿਹਾ ਹੋਵੇ।

ਨਟੀ : ਜੀ, ਕੀ ਕਿਹਾ ਮੈਂ ਪਖੰਡ ਕਰ ਰਹੀ ਆਂ।

ਸੂਤਰਧਾਰ : ਨਹੀਂ, ਸਗੋਂ ਅਸੀਂ ਤਾਂ ਸ੍ਰੀਮਤੀ ਦੇ ਸਾਥ 'ਚ ਸੁਰਗ ਦੇ ਝੂਟੇ ਲੈ ਰਹੇ ਹਾਂ।

ਨਟੀ : ਮੈਂ ਸਭ ਸਮਝਦੀ ਆਂ।

ਸੂਤਰਧਾਰ : ਕੀ ਸਮਝਦੀ ਏਂ ਭਲਾ।

ਨਟੀ : ਔਰਤ ਨੂੰ ਫੁਸਲਾਣ ਲਈ ਮਰਦ ਦੀਆਂ ਚਤਰਾਈਆਂ।

ਸੂਤਰਧਾਰ : ਤੁਸੀਂ ਮਰਦ ਚਰਿਤਰ ਪੜ੍ਹੇ ਜਾਪਦੇ ਨੇ।

ਨਟੀ : ਚੰਗੀ ਤਰ੍ਹਾਂ।



ਸੂਤਰਧਾਰ : ਤੇ ਤ੍ਰੀਆ ਚਲਿੱਤਰ ਹੰਡਾਏ ਲਗਦੇ ਨੇ।

ਨਟੀ : ਤੁਹਾਡੇ ਨਾਲੋਂ ਵੱਧ ਸ਼ਾਇਦ ਹੀ ਕੋਈ ਚਾਤਰ ਹੋਵੇ।

ਦੋ ਇਸਤ੍ਰੀਆਂ ਅਤੇ ਦੋ ਮਰਦ ਰੰਗ ਮੰਚ ਉੱਤੇ ਚੜ੍ਹ ਆਉਂਦੇ ਹਨ। ਸੂਤਰਧਾਰ ਤੇ ਨਟੀ ਹੱਥ ਮਲਦੇ ਖੜ੍ਹੇ ਦੇਖਦੇ ਹਨ।

ਪਹਿਲਾ ਮਰਦ : ਹਾਲ ਓ ਰੱਬਾ! ਅਸੀਂ ਲੁੱਟੇ ਪੁੱਟੇ ਗਏ!

ਦੂਜਾ ਮਰਦ : ਸਾਡਾ ਤਾਂ ਝੁੱਗਾ ਚੌੜ ਹੋ ਗਿਆ!

ਪਹਿਲੀ ਇਸਤ੍ਰੀ : ਹਾਲ ਓ ਪਾਰਿਆ, ਅਸੀਂ ਕੱਖੋਂ ਹੌਲੇ ਹੋ ਗਏ!

ਦੂਜੀ ਇਸਤ੍ਰੀ : ਵੇ ਲੋਕੋ, ਅਸੀਂ ਕਾਸੇ ਜੋਗੇ ਨਹੀਂ ਰਹੇ!

ਚਾਰੇ ਪਾਤਰ ਮੰਚ ਉੱਤੇ ਮਥੱਲਾ ਮਾਰਕੇ ਬੈਠ ਜਾਂਦੇ ਹਨ ਅਤੇ ਰਲਕੇ ਵੈਣ ਪਾਉਣ ਲਗ ਜਾਂਦੇ ਹਨ।

ਸੂਤਰਧਾਰ : (ਹੱਥ ਜੋੜ ਕੇ) ਸਜਨੋ ਤੇ ਦੇਵੀਓ, ਹੌਸਲਾ ਕਰੋ, ਧੀਰਜ ਨਾਲ ਗਲ ਦੱਸੋ, ਕੀ ਮੁਸੀਬਤ ਆਣ ਬਣੀ ਤੁਹਾਨੂੰ?

ਪਹਿਲਾ ਮਰਦ : ਮੁਸੀਬਤ ਜੇਹੀ ਮੁਸੀਬਤ, ਸਾਡਾ ਤਾਂ ਝੁੱਗਾ ਚੌੜ ਹੋ ਗਿਆ।

ਦੂਜਾ ਮਰਦ : ਅਸੀਂ ਤਾਂ ਦੀਨ ਦੁਨੀਆਂ ਤੋਂ ਪੁੱਟੇ ਗਏ।

ਪਹਿਲੀ ਇਸਤ੍ਰੀ : ਵੇ ਭਾਈ, ਕੀ ਪੁਛਦਾਂ, ਅਸੀਂ ਤਾਂ ਨਾ ਜੀਂਦਿਆਂ 'ਚ ਨਾ ਮੋਇਆਂ 'ਚ।

ਦੂਜੀ ਇਸਤ੍ਰੀ : ਸਾਡੀ ਕਿਸਮਤ ਤਾਂ ਧੁਰੋਂ ਨਖੁੱਟੀ ਗਈ!

ਨਟੀ : (ਇਸ਼ਾਰੇ ਨਾਲ) ਜੀ, ਹਮਦਰਦੀ ਨਾਲ ਗੱਲ ਕਰੋ।

ਸੂਤਰਧਾਰ : (ਧੀਰਜ ਨਾਲ ਹੱਥ ਜੋੜ ਕੇ) ਹੇ ਦੁਖੀ ਭੈਣੋ ਤੇ ਭਰਾਵੋ, ਰਬ ਦਾ ਵਾਸਤਾ ਜ਼ਰਾ ਮੇਰੀ ਵੀ ਸੁਣੋ! (ਸਾਰੇ ਉਸ ਵਲ ਝਾਕਦੇ ਹਨ) ਦੁੱਖ ਦਸਿਆਂ ਘਟਦਾ ਏ, ਬੰਦਾ ਬੰਦੇ ਦਾ ਦਾਰੂ ਏ, ਕੁਝ ਮੂੰਹੋਂ ਤਾਂ ਉਭਾਸਰੋ, ਕੁਝ ਤਾਂ ਪੱਲੇ ਪਾਉ।

ਪਹਿਲਾ ਮਰਦ : ਸਜਨਾ, ਗਲ ਦੱਸਣ ਵਾਲੀ ਹੋਵੇ ਤਾਂ ਦੱਸੀਏ।

ਪਹਿਲੀ ਇਸਤ੍ਰੀ : ਸੋਹਣਿਆ, ਅਪਣੀ ਇਜ਼ਤ ਆਪਣੇ ਹੱਥੀ ਕਿੱਦਾਂ ਪੁੱਟੀਏ।

ਸੂਤਰਧਾਰ : ਤੁਹਾਨੂੰ ਕਿਸੇ ਨੇ ਮਾਰਿਆ ਕੁਟਿਆ?

ਸਾਰੇ ਰਲ ਕੇ : ਨਹੀਂ।

ਸੂਤਰਧਾਰ : ਕੋਈ ਚੋਰੀ ਚਿਕਾਰੀ ਹੋ ਗਈ?

ਸਾਰੇ : ਨਹੀਂ।

ਸੂਤਰਧਾਰ : ਵਪਾਰ ਵਿਚ ਘਾਟਾ ਪੈ ਗਿਆ?

ਸਾਰੇ : ਨਹੀਂ।

ਸੂਤਰਧਾਰ : ਕਿਸੇ ਹਾਕਮ ਨੇ ਧੱਕੇ ਸ਼ਾਹੀ ਕੀਤੀ ਏ?

ਸਾਰੇ : ਨਹੀਂ।

ਸੂਤਰਧਾਰ : ਕੀ ਅੱਤ ਦੀ ਮਹਿੰਗਾਈ ਕਾਰਨ ਦੁਖੀ ਓ?
ਸਾਰੇ : ਨਹੀਂ, ਨਹੀਂ।
ਸੂਤਰਧਾਰ : (ਹੱਥ ਉੱਚੇ ਖੜੇ ਕਰਕੇ) ਫੇਰ ਮੈਂ ਹਾਰਿਆ, ਤੁਸੀਂ ਜਿੱਤੇ। ਹੁਣ ਆਪੇ ਦੱਸੋ ਕੀ ਤਕਲੀਫ ਏ।
ਸਾਰੇ : (ਘੋਟ ਕੇ) ਸਾਡੇ ਮੁੰਡੇ ਕੁੜੀਆਂ ਚੌੜ ਚੁਪਟ ਹੋ ਗਏ।
ਸੂਤਰਧਾਰ : (ਨਟੀ ਵੱਲ ਦੇਖਕੇ ਉੱਚੀ ਹੱਸਦਾ ਹੋਇਆ) ਬਸ ਐਨੀ ਈ ਗੱਲ ਸੀ?
ਸਾਰੇ : (ਉਠ ਕੇ ਭਿਆਨਕਤਾ ਨਾਲ ਉਸ ਵੱਲ ਵਧਦੇ ਹੋਏ) ਬਸ ਤੋਂ ਤੇਰਾ ਕੀ ਮਤਲਬ ਇਹ ਨਿੱਕੀ ਜਹੀ ਗੱਲ ਏ।
ਸੂਤਰਧਾਰ : (ਬੜੀ ਹੁਸ਼ਿਆਰੀ ਨਾਲ) ਬਸ ਤੋਂ ਮੇਰਾ ਮਤਲਬ ਸੀ; ਮੈਂ ਗਲ ਸਮਝ ਗਿਆ। ਅੰਗ੍ਰੇਜ਼ੀ 'ਚ ਕਹਿੰਦੇ ਨੇ ਆਈ ਸੀ। ਮੈਂ ਤੁਹਾਡੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ, ਇਨ੍ਹਾਂ ਵਿਗੜੇ ਹੋਏ ਮੁੰਡੇ ਕੁੜੀਆਂ ਤੋਂ ਮਾਪੇ ਹੀ ਦੁੱਖੀ ਨਹੀਂ, ਸਗੋਂ ਉਸਤਾਦ, ਪ੍ਰਿੰਸੀਪਲ, ਵਾਈਸ ਚਾਂਸਲਰ ਸਭ ਜਿਚ ਆਏ ਹੋਏ ਨੇ।
ਪਹਿਲੀ ਇਸਤ੍ਰੀ : ਇਨ੍ਹਾਂ ਛੋਕਰਿਆਂ ਨੂੰ ਕਿਸੇ ਦਾ ਡਰ ਭਉ ਨਹੀਂ ਰਿਹਾ।
ਦੂਜੀ ਇਸਤ੍ਰੀ : ਸ਼ਰਮ ਹਿਆ ਇਨ੍ਹਾਂ ਛਿੱਕੇ ਟੰਗ ਛੱਡੀ ਏ।
ਪਹਿਲਾ ਮਰਦ : ਵੱਡ ਵਡੇਰਿਆਂ ਦਾ ਕੋਈ ਆਦਰ ਮਾਣ ਨਹੀਂ ਰਿਹਾ।
ਦੂਜਾ ਮਰਦ : ਉਸਤਾਦਾਂ ਦਾ ਕੋਈ ਲੇ ਲਿਹਾਜ ਨਹੀਂ ਰਿਹਾ।
ਪਹਿਲੀ ਇਸਤ੍ਰੀ : ਜ਼ਮਾਨਾ ਗਰਕ ਹੋਣ ਤੇ ਆ ਗਿਐ।
ਸੂਤਰਧਾਰ : (ਇਸਤ੍ਰੀ ਨੂੰ ਸੰਬੋਧਨ ਕਰਕੇ) ਫੇਰ ਬੀਬਾ, ਟਟੀਹਰੀ ਵਾਂਗ ਤੂੰ ਕਿੱਦਾਂ ਰੋਕ ਲਵੇਂਗੀ ਸਮੇਂ ਦੇ ਵੇਗ ਨੂੰ। ਇਹ ਝੱਖੜ ਤਾਂ ਸਾਰੀ ਦੁਨੀਆਂ ਵਿਚ ਝੁਲਿਆ ਹੋਇਐ। ਨੌਜਵਾਨ ਜਾਗ ਪਏ ਨੇ ਉਨ੍ਹਾਂ ਨੂੰ ਆਪਣੇ ਹੱਕਾਂ ਦੀ ਸੋਝੀ ਹੋ ਗਈ ਏ।
ਪਹਿਲਾ ਮਰਦ : ਤੇਰਾ ਕੀ ਮਤਲਬ, ਅਸੀਂ ਆਪਣੀ ਕਿਸਮਤ ਤੇ ਝੂਰੀਏ ਵੀ ਨਾ?
ਪਹਿਲੀ ਇਸਤ੍ਰੀ : ਹੰਝੂ ਵਗਾ ਕੇ ਆਪਣਾ ਮਨ ਵੀ ਹੌਲਾ ਨਾ ਕਰੀਏ?
ਸੂਤਰਧਾਰ : ਜ਼ਰੂਰ ਕਰੋ, ਜ਼ਰੂਰ ਕਰੋ, ਪਰ ਇਕ ਅਰਜ਼ ਮੇਰੀ ਵੀ ਸੁਣ ਲਵੋ।
ਦੂਜੀ ਇਸਤ੍ਰੀ : ਵੇ ਨੱਟ ਖਟੂਆ, ਦੁਖੀ ਦਿਲਾਂ ਦੇ ਉਪਦੇਸ਼ਾਂ ਦਾ ਲੂਣ ਨਾ ਛਿੜਕੀ।
ਸੂਤਰਧਾਰ : (ਖਹਿੜਾ ਛੁਡਾਣ ਲਈ) ਅੱਛਾ, ਇਹ ਦੱਸੋ, ਹੁਣ ਕਿੱਥੇ ਨੇ ਤੁਹਾਡੇ ਲਾਡਲੇ ਤੇ ਮੱਖਣ ਪਲੀਆਂ।



ਨਟੀ : ਮੱਖਣ ਨਹੀਂ ਬਨਾਸਪਤੀ ਘਿਉ ਪਲੀਆਂ ਆਖੋ ਜੀ।
ਪਹਿਲਾਂ ਮਰਦ : ਘਰੋਂ ਤਾਂ ਬਣ ਠਣ ਕੇ ਕਾਲਜਾਂ ਯੂਨੀਵਰਸਿਟੀਆਂ ਵਿਚ ਪੜ੍ਹਨ ਜਾਂਦੇ ਨੇ।
ਦੂਜਾ ਮਰਦ : ਪਤਾ ਨਹੀਂ, ਉਥੇ ਕੀ ਕੀ ਕੜੀ ਘੋਲਦੇ ਨੇ।
ਪਹਿਲੀ ਇਸਤ੍ਰੀ : ਤਿਤਲੀਆਂ ਨੂੰ ਵੀ ਖੰਭ ਉਗ ਆਏ ਨੇ।
ਦੂਜੀ ਇਸਤ੍ਰੀ : ਅਲਕ ਵਛੇਰੀਆਂ ਵਾਂਗ ਦੜੱਕਦੀਆਂ ਫਿਰਦੀਆਂ।
ਰੌਕ ਐਨ ਰੋਲ ਦੀ ਤਰਜ਼ ਤੇ ਫਿਲਮੀ ਗਾਣੇ ਦੀ ਆਵਾਜ਼ ਸੁਣਾਈ ਦਿੰਦੀ ਹੈ।
ਪਹਿਲੀ ਇਸਤ੍ਰੀ : (ਘਬਰਾ ਕੇ) ਲਓ, ਆ ਗਏ ਨੇ ਟੋਲੀ ਬੰਨ੍ਹੀ!
ਪਹਿਲਾ ਮਰਦ : ਲਓ ਅੱਖੀਂ ਦੇਖ ਲਓ ਚੰਗੀ ਤਰ੍ਹਾਂ।
ਦੂਜੀ ਇਸਤ੍ਰੀ : ਮੈਂ ਤਾਂ ਲਾਂਭੇ ਹੋ ਜਾਵਾਂ, ਹੁਣੇ ਮੇਰੀ ਲਾਹ ਪਾਹ ਕਰ ਦੇਊਗੀ ਸਿਰ ਮੁੰਨੀ।
ਦੂਜਾ ਮਰਦ : ਮੈਨੂੰ ਦੇਖਦੇ ਸਾਰ ਲਾਡਲੇ ਨੂੰ ਤੇਈਏ ਦਾ ਤਾਪ ਚੜ੍ਹ ਜਾਣਾ।
ਪਹਿਲਾ ਮਰਦ : ਮੇਰੇ ਚੌੜ ਚਾਨਣ ਨੇ ਕੁੱਛੜ ਬਹਿ ਕੇ ਦਾੜ੍ਹੀ ਪੁੱਟਣ ਲਗ ਜਾਣਾ।
ਸੂਤਰਧਾਰ : ਤੁਸੀਂ ਝਟਪਟ ਓਸ ਪਰਦੇ ਪਿੱਛੇ ਛੁਪ ਜਾਓ। ਲੁਕ ਕੇ ਤਮਾਸ਼ਾ ਦੇਖੋ।
(ਚਾਰੇ ਪਾਤਰ ਝਟਪਟ ਓਹਲੇ ਹੋ ਜਾਂਦੇ ਹਨ।)
ਨਟੀ : ਆਪਾਂ ਕਿੱਦਾਂ ਕਰੀਏ, ਰੁੜ ਈ ਨਾ ਜਾਈਏ ਕੱਖ ਕਾਨਿਆਂ ਵਾਂਗ ਹੜ੍ਹ ਅੱਗੇ।
ਸੂਤਰਧਾਰ : ਚਿੰਤਾ ਨਾ ਕਰ।
ਨਟੀ : ਚਿੰਤਾ ਕਿਉਂ ਨਾ ਕਰਾਂ, ਇਨ੍ਹਾਂ ਕਿਹੜੀ ਸਾਡੀ ਗੱਲ ਸੁਣਨੀ ਏ।
ਸੂਤਰਧਾਰ : ਸੁਨਣਗੇ ਕਿਉਂ ਨਹੀਂ।
ਨਟੀ : ਉਹ ਕਿੱਦਾਂ?
ਸੂਤਰਧਾਰ : ਹੁਣੇ ਦਸਦਾਂ।
ਨਟੀ : ਦੱਸੋ ਫੇਰ।
ਸੂਤਰਧਾਰ : ਨੌਜਵਾਨਾਂ ਦਾ ਦਿਲ ਜਿੱਤਣ ਦਾ ਇਕੋ ਰਾਹ ਏ।
ਨਟੀ : ਉਹ ਕਿਹੜਾ?
ਸੂਤਰਧਾਰ : ਤਮਾਸ਼ਬੀਨਾਂ ਦੀ ਥਾਂ ਉਨ੍ਹਾਂ ਨਾਲ ਰਲ ਕੇ ਖੁਦ ਪਾਤਰ ਬਣ ਜਾਈਏ। ਉਨ੍ਹਾਂ ਦੀਆਂ ਸੁਣੀਏ ਆਪਣੀਆਂ ਸੁਣਾਈਏ।
ਨਟੀ : ਕਿਤੇ ਭਾਸ਼ਨ ਨਾ ਦੇਣ ਡਹਿ ਪਿਉ।

ਸੂਤਰਧਾਰ : (ਕੰਨਾ ਨੂੰ ਹੱਥ ਲਾਕੇ) ਭਲੀਏ ਲੋਕੇ, ਲੈਕਚਰ ਤਾਂ ਇਹ ਕਲਾਸਾਂ ਵਿਚ ਨਹੀਂ ਸੁਣਦੇ ਅਜਕਲ।

ਸੂਤਰਧਾਰ ਪਗੜੀ ਲਾਹ ਕੇ ਪਰੇ ਸੁਟਦਾ ਹੈ। ਸਿਰ ਦੇ ਵਾਲ ਖਿੰਡਰਾ ਅਤੇ ਕੁੜਤੇ ਦੇ ਬਟਨ ਖੋਲ ਲੈਂਦਾ ਹੈ। ਨਟੀ ਵੀ ਆਪਣਾ ਹੁਲੀਆ ਬਦਲ ਲੈਂਦੀ ਹੈ। ਦਰਜਨ ਦੇ ਕਰੀਬ ਮੁੰਡੇ ਕੁੜੀਆਂ ਹਿਪੀ ਟਾਈਪ ਰੰਗ ਬਰੰਗੇ ਭੇਸ ਵਿਚ ਸਾਹਮਣੇ ਆਉਂਦੇ ਹਨ।

ਸੂਤਰਧਾਰ : (ਹੱਥ ਖੜੇ ਕਰਕੇ ਉੱਚੀ ਸੁਰ ਵਿਚ) ਸ਼ਾਬਾਸ਼ ਨੌਜਵਾਨੋ, ਸ਼ਾਬਾਸ਼! ਤੁਸੀਂ ਦੇਸ ਦਾ ਭਵਿੱਖ ਤੇ ਜੀਵਨ ਦਾ ਉਜਾਲਾ ਹੋ। ਬਜ਼ੁਰਗਾਂ ਨੇ ਸੰਸਾਰ ਨੂੰ ਭਿਆਨਕ ਤਬਾਹੀ ਦੇ ਮੂੰਹ ਮੋਹਰੇ ਲੈ ਖਿਲਾਰਿਆ ਏ। ਐਟਮੀ ਮਾਰੂ ਹਥਿਆਰ ਕਿਸੇ ਵੇਲੇ ਸਦੀਆਂ ਦੀ ਮਨੁੱਖੀ ਉਸਾਰੀ ਨੂੰ ਘੜੀ 'ਚ ਮਲੀਆ ਮੇਟ ਕਰ ਸਕਦੇ ਨੇ। ਤੁਸੀਂ ਹੀ ਮਨੁੱਖਤਾ ਦੀ ਆਸ ਤੇ ਉਮੀਦ ਹੋ। ਤੁਸੀਂ ਹੀ ਮਨੁੱਖਤਾ ਨੂੰ ਨਵਾਂ ਰਾਹ ਦਿਖਾਉਣਾ ਏ, ਤੁਸੀਂ ਹੀ ਦੇਸ ਤੇ ਕੌਮ ਦਾ ਭਵਿੱਖ ਸੁਆਰਨਾ ਹੈ।

(ਸਾਰੇ ਤਾਲੀਆਂ ਵਜਾਉਂਦੇ ਹਨ।) ਤੁਹਾਡੀ ਕੁਰਬਾਨੀ ਦੇ ਬਲ ਬੋਤੇ ਭਾਰਤ ਦੀ ਸੁਤੰਤਰਤਾ ਕਾਇਮ ਹੈ।

ਤਾਲੀਆਂ ਦੀ ਫੇਰ ਗੂੰਜ।

ਸੂਤਰਧਾਰ (ਮੋਢੀ ਮੁੰਡੇ ਨੂੰ):

ਦੋਸਤ, ਤੂੰ ਕਿਹੜੇ ਕਾਲਜ, ਕਿਹੜੀ ਯੂਨੀਵਰਸਿਟੀ ਵਿੱਚ ਪੜ੍ਹਦਾ ਏਂ?

ਮੋਢੀ ਮੁੰਡਾ : ਪੜ੍ਹਨਾ ਲਿਖਣਾ ਸਭ ਬੇਅਰਥ ਹੈ। ਪੜ੍ਹ ਲਿਖ ਕੇ ਕਿਹੜੀ ਨੌਕਰੀ ਮਿਲਦੀ ਏ। ਸਾਡਾ ਭਵਿੱਖ ਹਨੇਰਾ ਹੈ, ਇਸ ਕਰਕੇ ਅਸੀਂ ਪ੍ਰਚਲਤ ਸਿਖਿਆ ਪਰਣਾਲੀ ਦਾ ਪਾਜ ਉਗਾੜਦੇ ਹਾਂ, ਸਥਾਪਨਾਂ ਦੀਆਂ ਜੜ੍ਹਾਂ ਉਖਾੜਦੇ ਹਾਂ, ਪਰੰਪਰਾ ਦੀ ਮਿੱਟੀ ਪੁਟ ਰਹੇ ਹਾਂ।

ਸੂਤਰਧਾਰ : ਪੰਜਾਬ ਦੇ ਗਭਰੂਉ ਤੇ ਮੁਟਿਆਰੋ, ਕਿਉਂ ਨਿਰਾਸ ਹੋ ਰਹੇ ਓ। ਕੀ ਤੁਸੀਂ ਪੰਜਾਬ ਦੇ ਅਲਬੇਲੇ ਕਵੀ ਪੂਰਨ ਸਿੰਘ ਦੀ ਕਵਿਤਾ ਨਹੀਂ ਪੜ੍ਹੀ?

ਇਕ ਮੁੰਡਾ : ਬੇਕਾਰੀ ਨੇ ਸਭ ਕੁਝ ਭੁਲਾ ਦਿੱਤਾ ਹੈ।

ਸੂਤਰਧਾਰ : ਫੇਰ ਸੁਣੋ।



ਮੋਢੀ ਮੁੰਡਾ : ਬਹੁਤ ਕੁਝ ਸੁਣ ਚੁੱਕੇ ਆਂ, ਫੋਕੀ ਨਾਹਰੇ ਬਾਜ਼ੀ, ਕਾਗਜ਼ੀ ਕਾਰਵਾਈ।

ਸੂਤਰਧਾਰ : ਨੌਜਵਾਨ ਦੋਸਤੋ, ਤੁਸੀਂ ਨਵ-ਚੇਤਨਾ ਦੇ ਪ੍ਰਤੀਕ ਓ! ਮੁਸ਼ਕਲਾਂ ਨਾਲ ਟਕਰਾਉਣਾ ਤੁਹਾਡਾ ਕੰਮ ਏ। ਤੁਹਾਡੇ ਸਾਹਮਣੇ ਬੇਅੰਤ ਮੌਕੇ ਨੇ। ਆਓ, ਮੈਂ ਤੁਹਾਨੂੰ ਰਾਹ ਦਰਸਾਉਂਦਾ ਹਾਂ।

ਸਾਰੇ : (ਤਾਲੀਆਂ ਦੀ ਗੂੰਝ) ਬਹੁਤ ਖੂਬ! ਸ਼ਾਬਾਸ਼!!

ਮੋਢੀ ਮੁੰਡਾ : ਤੂੰ ਤਾਂ ਸਿਰਲਥ ਨੌਜਵਾਨਾਂ ਦਾ ਲੀਡਰ ਬਣਨ ਦੇ ਲਾਇਕ ਏਂ।

ਦੂਜਾ : ਅੱਜ ਤੋਂ ਤੈਨੂੰ ਅਸੀਂ ਬਾਗੀ ਟੋਲੇ ਦਾ ਜਰਨੈਲ ਚੁਣਿਐ।

ਮੋਢੀ ਮੁੰਡਾ : ਨੌਜਵਾਨ ਨੇਤਾ।

ਸਾਰੇ : ਜ਼ਿੰਦਾਬਾਦ।

ਮੋਢੀ ਮੁੰਡਾ : ਜਰਨੈਲਾ, ਆਹ ਕੀ ਚੀਣਾ ਖਲਾਰਿਆ ਹੋਇਐ?

ਨਟੀ : ਗੋਯਾ ਮੁੰਡੇ ਨੂੰ ਕੁੜੀ ਤੇ ਕੁੜੀ ਨੂੰ ਹੀਰੋਇਨ ਬਨਾਉਣ ਦਾ ਸਮਾਨ।

ਇਕ ਮੁੰਡਾ : (ਮੁਟਕ ਮੂੰਹ ਤੇ ਲਾਕੇ) ਯਾਨੀ ਬੰਦੇ ਨੂੰ ਬਾਂਦਰ ਬਨਾਉਣ ਦਾ ਜੰਤਰ।

ਦੂਜਾ ਮੁੰਡਾ : (ਮੁਟਕ ਲਾਕੇ) ਚੰਗੇ ਭਲੇ ਬੰਦੇ ਨੂੰ ਰਾਖਸ਼ ਬਣਾਉਣ ਦਾ ਢੰਗ।

ਸੂਤਰਧਾਰ : ਸਾਥੀਓ, ਇਹ ਜੀਵਨ ਹੈ ਹੀ ਖੇਲ ਅਖਾੜਾ, ਅਸੀਂ ਸਭ ਇਸ ਉਤੇ ਪਾਤਰ ਹਾਂ। ਮੈਂ ਤੁਹਾਨੂੰ ਹੀਰੋ ਬਣਾ ਦਿਆਂਗਾ।

ਲੜਕੀ : ਕੀ ਤੁਸੀਂ ਕਿਸੇ ਨਾਟਕ ਮੰਡਲੀ ਦੇ ਡਾਇਰੈਕਟਰ ਹੋ?

ਨਟੀ : ਇਹ ਨੇ ਪੰਜਾਬ ਦੇ ਪ੍ਰਸਿੱਧ ਨਿਰਦੇਸ਼ਕ ਹਰਪਾਲ ਟਿਵਾਣਾ।

ਇਕ ਲੜਕਾ : ਹੈਂ! ਸਚਮੁਚ (ਤੀਬਰਤਾ ਨਾਲ) ਫੇਰ ਸਾਨੂੰ ਵੀ ਭਰਤੀ ਕਰ ਲਵੋ।

ਦੂਜਾ ਲੜਕਾ : ਰੋਟੀ ਵੀ ਮਿਲੇਗੀ?

ਸੂਤਰਧਾਰ : ਕਿਉਂ ਨਹੀਂ ਜ਼ਰੂਰ, ਪਰ ਨੌਜਵਾਨੋ, ਮਿਹਨਤ ਤੇ ਲਗਨ ਤੋਂ ਬਿਨਾ ਕਦੇ ਕੁਝ ਪ੍ਰਾਪਤ ਨਹੀਂ ਹੁੰਦਾ।

ਇਕ ਲੜਕੀ : ਸਰ, ਪਹਿਲਾਂ ਮੇਰਾ ਨਾਂ ਲਿਖ ਲਓ।

ਦੂਜੀ ਲੜਕੀ : ਸਰ, ਮੇਰਾ ਨਾਂ ਵੀ।

ਦੂਜਾ ਲੜਕਾ : ਜਨਾਬ, ਮੇਰਾ ਨਾਮ ਜ਼ਰੂਰ ਦਰਜ ਕਰ ਲਓ, ਮੈਂ ਜ਼ਿੰਦਗੀ ਤੋਂ ਸਖਤ ਅਵਾਜ਼ਾਰ ਹਾਂ।

ਤੀਜਾ : ਡਾਇਰੈਕਟਰ ਸਾਹਿਬ, ਮੇਰਾ ਨਾਮ ਵੇਦ ਪ੍ਰਕਾਸ਼ ਹੈ।

ਚੌਥਾ : ਜੀ, ਮੇਰਾ ਨਾਮ ਸੁਰਿੰਦਰ ਮੋਹਨ ਹੈ।

ਸਾਰੇ ਝੁਰਮਟ ਪਾ ਲੈਂਦੇ ਹਨ।

ਸੂਤਰਧਾਰ : ਦੋਸਤੋ, ਜ਼ਰਾ ਸੁਣੋ! ਥੀਏਟਰ ਤੇ ਯੂਥ ਦਾ ਅਨਿਖੜਵਾਂ ਸਬੰਧ ਹੈ। ਮੈਨੂੰ ਤੁਹਾਡੀ ਸਭ ਦੀ ਲੋੜ ਹੈ। ਥੀਏਟਰ ਇੰਨੀ ਵਿਸ਼ਾਲ ਕਲਾ ਹੈ ਕਿ ਇਹ ਕੁਲ ਨੌਜਵਾਨਾਂ ਨੂੰ ਕਲਾਵੇ ਵਿਚ ਲੈ ਸਕਦਾ ਹੈ।

ਮੋਢੀ ਮੁੰਡਾ : ਬਹੁਤ ਖੂਬ।

ਨਟੀ : ਨੌਜਵਾਨੋ, ਥੀਏਟਰ ਸਭ ਤੋਂ ਸ਼ਕਤੀਸ਼ਾਲੀ ਕਲਾ ਮਾਧਿਅਮ ਏ। ਇਸਦੀ ਪਹੁੰਚ ਸਿਧੀ ਲੋਕਾਂ ਦੇ ਦਿਲਾਂ ਤੱਕ ਹੁੰਦੀ ਏ। ਜਿਥੇ ਥੀਏਟਰ ਨਹੀਂ, ਉਥੇ ਜੀਵਨ ਬੇਰਸ ਏ, ਜਿਸ ਦੇਸ 'ਚ ਰੰਗਮੰਚ ਨਹੀਂ, ਉਥੇ ਜ਼ਿੰਦਗੀ ਬੇਰੰਗ ਏ।

ਮੋਢੀ ਮੁੰਡਾ : ਪੰਜਾਬ ਵਿਚ ਹੋਰ ਸਭ ਕੁਝ ਹੈ ਬਸ ਪ੍ਰੋਫੈਸ਼ਨਲ ਥੀਏਟਰ ਨਹੀਂ।

ਮੋਢੀ ਮੁੰਡਾ : ਫੇਰ ਸਾਨੂੰ ਸਭ ਨੂੰ ਭਰਤੀ ਕਰ ਲਵੋ।

ਸੂਤਰਧਾਰ : ਕਾਹਲੇ ਨਾ ਪਓ, ਥੀਏਟਰ ਨੂੰ ਹਰ, ਭਾਂਤ ਹਰ ਉਮਰ, ਹਰ ਅਕਲ, ਹਰ ਸ਼ਕਲ ਦੇ ਲੜਕੇ ਲੜਕੀਆਂ ਦੀ ਲੋੜ ਹੈ, ਕਿਸੇ ਦੀ ਰੰਗ ਮੰਚ ਉਤੇ, ਕਿਸੇ ਦੀ ਪਰਦੇ ਪਿੱਛੇ।

ਨਟੀ : ਬਾਕੀਆਂ ਦੀ ਪਰਦੇ ਤੋਂ ਵੀ ਬਾਹਰ ਟਿਕਟਾਂ ਵੇਚਣ ਲਈ। (ਸਾਰੇ ਹਸਦੇ ਹਨ)

ਇਕ ਗਰੀਬੜਾ ਮੁੰਡਾ : ਜਨਾਬ, ਮੈਨੂੰ ਜ਼ਰੂਰ ਕੋਈ ਰੋਲ ਦੇਣਾ। ਚੌਦਾਂ ਜਮਾਤਾਂ ਪੜ ਕੇ ਮੈਂ ਵਿਹਲਾ ਫਿਰਦਾਂ।

ਦੂਜਾ : ਕਿਸੇ ਆਹਰੇ ਤਾਂ ਲੱਗਾਂਗੇ, ਹੋਰ ਨਹੀਂ ਤਾਂ ਮਨ ਪਰਚਾਵਾਂ ਹੀ ਸਹੀ।

ਮੋਢੀ ਲੜਕਾ : ਪਹਿਲਾਂ ਇਹ ਦੱਸੋ, ਡਰਾਮਾ ਕਿਹੜਾ ਖੇਡਣ ਲੱਗੇ ਓ?

ਸੂਤਰਧਾਰ : ਰਾਮ ਲੀਲਾ ਰਚਿਤ ਹਰਚਰਨ ਸਿੰਘ।

ਸਾਰੇ : (ਉੱਚੀ ਰੌਲਾ ਪਾਉਂਦੇ ਹੋਏ) ਨੋ ਨੋ! ਸਾਨੂੰ ਨਹੀਂ ਮਨਜ਼ੂਰ।

ਮੋਢੀ ਲੜਕਾ: ਅਤੀ ਪ੍ਰਾਚੀਨ ਵਿਸ਼ਾ, ਸੈਂਕੜੇ ਹਜ਼ਾਰਾਂ ਸਾਲਾਂ ਤੋਂ ਦੁਹਰਾਈ ਜਾ ਰਹੀ ਪੁਰਾਤਨ ਕਥਾ, ਨਾ ਮਨਜ਼ੂਰ।

ਦੂਜਾ : ਚਲੋ ਭਈ ਚਲੋ, ਅਸੀਂ ਨਹੀਂ ਪੁਰਾਣੀਆਂ ਗੱਲਾਂ ਤੇ ਵਕਤ ਜਾਇਆ ਕਰਨਾ।

ਲੜਕਾ : ਇਹ ਤਾਂ ਅਸਲੋਂ ਪਰੰਪਰਾਵਾਦੀ ਨਿਕਲਿਆ।

ਦੂਜੀ ਲੜਕੀ : ਅਸੀਂ ਤਾਂ ਇਸ ਨੂੰ ਅਪਣਾ ਮਸੀਹਾ ਸਮਝ ਬੈਠੀਆਂ ਸੀ।

ਸੂਤਰਧਾਰ : (ਕਰੜੀ ਆਵਾਜ਼ ਵਿਚ) ਨੌਜਵਾਨੋ, ਇਕ ਪਲ ਰੁਕ ਜਾਓ। ਦੋਸ਼ੀ ਦਾ ਉਜ਼ਰ ਸੁਣੇ ਬਿਨਾ ਫੈਸਲਾ ਸੁਣਾ ਦਿੱਤਾ। ਜ਼ਰਾ ਠਹਿਰੋ,



ਮੋਢੀ ਮੁੰਡਾ : ਜ਼ਰਾ ਠਹਿਰ ਜਾਓ, ਸੁਣ ਲਈਏ ਕੀ ਕਹਿੰਦਾ।

ਸੂਤਰਧਾਰ : ਸਾਥੀਓ, ਨਾਟਕ ਖੇਤਰ ਵਿਚ ਵਿਸ਼ਾ ਕਦੇ ਪੁਰਾਣਾ ਨਹੀਂ ਹੁੰਦਾ। ਉਸ.ਨੂੰ ਪੇਸ਼ ਕਰਨ ਦਾ ਢੰਗ ਬਾਸਾ ਤੇ ਬੇਢਬਾ ਹੋ ਸਕਦਾ। ਤੁਸੀਂ ਦੇਖੇ ਪਰਖੇ ਬਿਨਾਂ ਕਿੱਦਾਂ ਅੰਦਾਜ਼ਾਂ ਲਾ ਲਿਆ ਕਿ ਮੈਂ ਭਾਰਤ ਦੇ ਸਭ ਤੋਂ ਪ੍ਰਸਿੱਧ ਲੋਕ-ਪ੍ਰਿਯ ਮਹਾਂਕਾਵਿ ਨੂੰ ਪਰੰਪਰਾਵਾਦੀ ਢੰਗ ਨਾਲ ਪੇਸ਼ ਕਰਾਂਗਾ।

ਮੋਢੀ ਲੜਕਾ : ਜੇ ਨਵੀਂ ਗਲ ਕਰੋਗੇ ਤਾਂ ਸ਼ਰਧਾਲੂ ਨਾਰਾਜ਼ ਹੋ ਜਾਣਗੇ।

ਲੜਕਾ : ਪ੍ਰਾਚੀਨ ਗਾਥਾ ਨੂੰ ਕਿੰਨਾ ਕੁ ਬਦਲ ਲਓਗੇ।

ਸੂਤਰਧਾਰ : ਦੋਸਤੋ, ਮੈਨੂੰ ਇਹ ਦੱਸੋ ਓਹਨਾਂ ਦੁਖਤਾਂ ਦੀਆਂ ਜੜਾਂ ਧਰਤੀ 'ਚ ਨੇ ਕਿ ਅਧ ਅਸਮਾਨ ਵਿਚ? ਇਹ ਮਕਾਨ ਨੀਹਾਂ ਸਹਾਰੇ ਖੜਾ ਏ ਕਿ ਖਲਾ ਵਿਚ?

ਲੜਕੀ : ਧਰਤੀ ਵੀ ਇਕ ਸਿਆਰਾ ਹੈ।

ਸੂਤਰਧਾਰ : ਨੌਜਵਾਨੋ, ਤੁਸੀਂ ਮੰਨੋ ਚਾਹੇ ਨਾ ਮੰਨੋ, ਸਾਡਾ ਸਭਿਆਚਾਰਕ ਵਿਰਸਾ ਬਹੁਤ ਅਮੀਰ ਤੇ ਅਮੁਕ ਖਜ਼ਾਨਾ ਹੈ। ਇਕ ਸਫਲ ਨਿਰਦੇਸ਼ਕ ਉਸ ਵਿਚੋਂ ਸਮੇਂ ਦੀ ਲੋੜ ਅਨੁਸਾਰ ਅਰਥ ਲਭਦਾ ਹੈ।

ਨਟੀ : ਹਰ ਜੁਗ ਪੁਰਾਣੀਆਂ ਕਥਾ ਕਹਾਣੀਆਂ ਵਿਚੋਂ ਨਵੇਂ ਅਰਥ ਕਢਦਾ ਹੈ।

ਸੂਤਰਧਾਰ : ਜ਼ਰਾ ਸੋਚੋ, ਜਿਸ ਰਾਮਾਇਣ ਨੇ ਹਜ਼ਾਰਾਂ ਸਾਲਾਂ ਤੋਂ ਅਰਬਾਂ ਖਰਬਾਂ ਲੋਕਾਂ ਦੇ ਜੀਵਨ ਨੂੰ ਪ੍ਰਭਾਵਤ ਕੀਤਾ, ਜੋ ਅਜ ਵੀ ਹਰ ਸਾਲ ਕਰੋੜਾਂ ਇਨਸਾਨਾਂ ਨੂੰ ਮਾਨਸਕ ਹਲੂਣਾ ਦਿੰਦੀ ਹੈ, ਉਸ ਵਿਚ ਜ਼ਰੂਰ ਕੋਈ ਖਿਚ ਭਰਪੂਰ ਸਦੀਵੀ ਸ਼ਕਤੀ ਹੋਵੇਗੀ। ਗੋਸਵਾਮੀ ਤੁਲਸੀ ਦਾਸ ਨੇ ਰਾਮ ਚਰਿਤ ਮਾਨਸ ਰਚ ਕੇ ਸ਼ਹਿਨ ਸ਼ਾਹਾਂ ਤੋਂ ਕਿਤੇ ਵਧ ਵਡਿਆਈ ਪ੍ਰਾਪਤ ਕੀਤੀ ਹੈ।

ਲੜਕੀ : ਮੈਂ ਹਿਸਟਰੀ ਦੀ ਸਟੂਡੈਂਟ ਹੋਣ ਦੇ ਨਾਤੇ ਕਹਿੰਦੀ ਹਾਂ ਕਿ ਇਹ ਗਲ ਬਿਲਕੁਲ ਦਰੁਸਤ ਹੈ।

ਸੂਤਰਧਾਰ : ਫੇਰ ਮੇਰਾ ਕਹਿਣਾ ਮੰਨੋ, ਸਮਾਂ ਉਂਝ ਵੀ ਤੁਹਾਡਾ ਨਸ਼ਟ ਹੋ ਰਿਹਾ ਹੈ। ਚਲੋ ਤਜਰਬਾ ਹੀ ਸਹੀ। ਸ਼ਾਇਦ ਅਸੀਂ ਪ੍ਰਾਚੀਨ ਮਹਾਂ-ਕਾਵਿ 'ਚੋਂ ਵਰਤਮਾਨ ਦੁੱਖਾਂ ਦਾ ਕੋਈ ਦਾਰੂ ਲਭ ਸਕੀਏ।

ਮੋਢੀ ਲੜਕਾ : ਪਹਿਲਾਂ ਸਾਨੂੰ ਇਹ ਦੱਸੋ, ਇਸ ਡਰਾਮੇ ਦਾ ਅਜ ਦੇ ਸਮੇਂ ਲਈ ਕੀ ਰੈਲਾਵੈਂਸ ਹੈ।

ਨਟੀ : ਬਹੁਤ ਵਧੀਆ ਸਵਾਲ ਹੈ।

ਲੜਕੀ : ਸਰ, ਨਵੀਆਂ ਬੀਮਾਰੀਆਂ ਲਈ ਪੁਰਾਣੇ ਇਲਾਜ ਕਾਰਗਰ ਸਿਧ ਨਹੀਂ ਹੋ ਸਕਦੇ।

ਸੂਤਰਧਾਰ : ਬਹੁਤ ਸਮਝਦਾਰ ਲੜਕੀ ਹੈ। ਸੂਝ ਭਰਿਆ ਸ਼ੰਕਾ ਕੀਤਾ। ਸਾਥੀਓ, ਰਾਮ ਦਾ ਚਰਿੱਤਰ ਸਾਡੇ ਲਈ ਆਦਰਸ਼ਕ ਜੀਵਨ ਦੀ ਝਲਕ ਪੇਸ਼ ਕਰਦਾ ਹੈ। ਅਜ ਦਾ ਨੌਜਵਾਨ, ਆਦਰਸ਼ਹੀਨ ਹੋਣ ਕਾਰਣ ਭਟਕ ਰਿਹਾ ਹੈ।

ਨਟੀ : ਰਾਮ ਦਾ ਅਰਥ ਹੈ ਸੰਪੂਰਨ ਆਦਰਸ਼ਕ ਪੁਰਸ਼।

ਸੂਤਰਧਾਰ : ਸ੍ਰੀ ਰਾਮ ਵੀ ਤੁਹਾਡੇ ਵਾਂਗ ਭਰ ਜਵਾਨ ਸੀ, ਜਦੋਂ ਉਹਨਾਂ ਦੇ ਸਾਹਮਣੇ ਜ਼ਬਰਦਸਤ ਚੈਲੰਜ ਪੇਸ਼ ਹੋਏ ਸਨ।

ਨਟੀ : ਕੀ ਹਨ ਤੁਹਾਡੀਆਂ ਮੁਸ਼ਕਲਾਂ ਉਹਨਾਂ ਦੇ ਮੁਕਾਬਲੇ ਵਿਚ।

ਸੂਤਰਧਾਰ : ਦੋਸਤੋ, ਕਿਆਸ ਕਰੋ, ਇਕ ਪਾਸੇ ਪਿਤਾ ਕੈਕਈ ਨੂੰ ਵਚਨ ਦੇ ਚੁੱਕੇ ਹਨ, ਦੂਜੇ ਪਾਸੇ ਮਤ੍ਰੇਈ ਮਾਂ ਆਪਣੀ ਜ਼ਿਦ ਤੇ ਅੜੀ ਬੈਠੀ ਹੈ, ਤੀਜੇ ਮਾਤਾ ਕੁਸ਼ੱਲਿਆ ਬੇਸੁਰਤ ਪਈ ਹੈ। ਸੀਤਾ ਸਖਤ ਗ਼ਮਗੀਨ ਹੈ। ਪਰਜਾ ਦੁਖੀ ਅਤੇ ਬੇਹਾਲ ਹੈ।

ਨਟੀ : ਫੇਰ ਵੀਰ ਭਰਤ ਰਾਜ ਸਵੀਕਰਨ ਨੂੰ ਤਿਆਰ ਨਹੀਂ।

ਸੂਤਰਧਾਰ : ਫੇਰ ਵੀ 14 ਸਾਲਾਂ ਦਾ ਕਸ਼ਟਾਂ ਭਰਿਆ ਜੰਗਲੀ ਜੀਵਨ ਖਿੜੇ ਮੱਥੇ ਬਤੀਤ ਕਰਨ ਲਈ ਤਿਆਰ ਹੋ ਗਏ।

ਨਟੀ : ਤੇ ਐਹ ਨੇ ਸਾਡੇ ਅਜੋਕੇ ਸੂਰਬੀਰ, ਜੋ ਜ਼ਰਾ ਕੁ ਔਖਿਆਈ ਦੇਖ ਕੇ ਘਬਰਾ ਜਾਂਦੇ ਨੇ।

ਸੂਤਰਧਾਰ : ਸ੍ਰੀ ਰਾਮ ਦੇ ਜੀਵਨ ਦਾ ਸਾਡੇ ਲਈ ਸਭ ਤੋਂ ਵੱਡਾ ਸਬਕ ਪਤਾ ਕੀ ਹੈ?

ਸਾਰੇ : ਕੀ ਹੈ?

ਸੂਤਰਧਾਰ : ਘੋਰ ਦੁੱਖਾਂ ਵਿਚ ਵੀ ਦਿਲ ਨਾ ਛੱਡਣਾ। ਦੇਸ ਅਤੇ ਸਮਾਜ ਲਈ ਆਪਾ ਕੁਰਬਾਨ ਕਰਨਾ। ਦੇਸ ਦੀ ਰਾਖੀ ਤੇ ਅਖੰਡਤਾ ਲਈ ਮਰ ਮਿਟਣਾ।

ਨਟੀ : ਉਹ ਜਵਾਨੀ ਹੀ ਕੀ ਹੋਈ ਜੋ ਦੁੱਖਾਂ ਦੇ ਪਹਾੜ ਨੂੰ ਚੀਰ ਕੇ ਨਹਿਰ ਨਾ ਵਗਾਵੇ।

ਮੋਚੀ : ਜਨਾਬ, ਤੁਸੀਂ ਤਾਂ ਸਾਡੇ ਡੌਲੇ ਫਰਕਾ ਦਿੱਤੇ ਨੇ।

ਸੂਤਰਧਾਰ : ਸ੍ਰੀ ਰਾਮਚੰਦਰ ਭਾਰਤ ਦੀ ਸਦਾ ਜਵਾਨੀ, ਮਰਦਾਨਗੀ ਤੇ ਕੁਰਬਾਨੀ ਦਾ ਪ੍ਰਤੀਕ ਹੈ।

ਨਟੀ : ਮਰਯਾਦਾ ਤੇ ਬੀਰਤਾ ਦਾ ਆਦਰਸ਼ਕ ਨਾਇਕ।

ਲੜਕੀ : ਤੇ ਜੀ ਸੀਤਾ?



ਸੂਤਰਧਾਰ : ਤਿਆਗ, ਵਫ਼ਾ, ਸੰਜਮਤਾ ਤੇ ਸ਼ਹਿਨਸ਼ੀਲਤਾ ਦੀ ਸਭ ਤੋਂ ਉੱਤਮ ਮਿਸਾਲ।

ਨਟੀ : ਤੇ ਮੇਰੇ ਵਾਂਗ ਪਤੀਬ੍ਰਤਾ ਧਰਮ ਦੀ ਜ਼ਿੰਦਾ ਉਦਾਹਰਣ।

ਸਾਰੇ ਹੱਸਦੇ ਹਨ।

ਲੜਕੀ : ਕੀ ਅਸੀਂ ਸਭ ਸੀਤਾ ਬਣ ਜਾਈਏ। ਬਰਾਬਰੀ ਦੇ ਮਿਲੇ ਕਾਨੂੰਨੀ ਹਕ ਤਿਆਗ ਦੇਈਏ।

ਸੂਤਰਧਾਰ : ਹਰਗਿਜ਼ ਨਹੀਂ। ਭਾਰਤ ਦੀ ਸਰਵੋਤਮ ਇਸਤ੍ਰੀ ਦੇ ਤੁਸੀਂ ਵਰਤਮਾਨ ਲੋੜ ਅਨੁਸਾਰ ਗੁਣ ਗ੍ਰਹਿਣ ਕਰਨੇ ਨੇ।

ਨਟੀ : ਨਾ ਕਿ ਪਛਮ ਦੀ ਰੀਸੇ ਓਪਰੀ ਝਲਕ ਉਛਾਲਣੀ ਏ।

ਸੂਤਰਧਾਰ : ਉਨ੍ਹਾਂ ਗੁਣਾਂ ਤੇ ਆਧਾਰਤ ਨਵੀਂ ਉਸਾਰੀ ਕਰਨੀ ਏ।

ਮੋਚੀ ਮੁੰਡਾ : ਪਰ ਗੁਰੂਦੇਵ, ਅਸੀਂ ਤਾਂ ਅਸਲੋਂ ਕੋਰੇ ਆਂ, ਰੰਗ ਮੰਚ ਉਤੇ ਚੜ ਕੇ ਵੀ ਨਹੀਂ ਦੇਖਿਆ।

ਨਟੀ : ਪਰ ਅਜ ਤਾਂ ਤੁਸੀਂ ਰੰਗ ਮੰਚ ਉਤੇ ਧਾਵਾ ਬੋਲ ਦਿੱਤਾ ਸੀ।

ਸਾਰੇ ਹੱਸਦੇ ਹਨ।

ਸੂਤਰਧਾਰ : ਤੁਹਾਨੂੰ ਬੰਦੇ ਬਣਾਉਣਾ ਮੇਰਾ ਕੰਮ ਹੈ।

ਦੂਜਾ ਲੜਕਾ : ਅੱਗੇ ਅਸੀਂ, ਕੀ ਹਾਂ?

ਨੱਟੀ : ਅੱਧੇ ਅਧੂਰੇ ਇਨਸਾਨ।

ਸੂਤਰਧਾਰ : (ਬਾਹੋਂ ਫੜ ਕੇ) ਆਹ ਨੌਜਵਾਨ, ਮੈਨੂੰ ਸ੍ਰੀ ਰਾਮ ਚੰਦਰ ਦੇ ਰੋਲ ਲਈ ਬਹੁਤ ਜਚਦਾ ਹੈ।

ਮੁੰਡਾ : ਮੈਂ ਸਾਧਾਰਣ ਲੜਕਾ ਭਗਵਾਨ ਰਾਮ ਦਾ ਪਾਰਟ ਕਿੱਦਾਂ ਅਦਾ ਕਰ ਸਕਦਾਂ।

ਸੂਤਰਧਾਰ : ਇਹ ਮੇਰੀ ਜ਼ੁਮੇਂਵਾਰੀ ਹੈ। ਮੇਰੀ ਨਿਗਰਾਨੀ ਹੇਠ ਤੂੰ ਰਾਮ ਦੇ ਦੇਵੀ ਗੁਣਾਂ ਦਾ ਸਵਾਂਗ ਉਤਾਰਨਾ ਹੈ, ਲੋਕ ਕਲਿਆਣ ਹਿੱਤ।

ਮੁੰਡਾ : ਜਨਾਬ, ਮੈਂ ਇਕੋ ਸ਼ਰਤ ਤੇ ਰੋਲ ਅਦਾ ਕਰ ਸਕਦਾਂ।

ਨਟੀ : ਉਹ ਕੀ ਸ਼ਰਤ ਹੈ? ਛੇਤੀ ਦਸ।

ਮੁੰਡਾ : ਸੀਤਾ ਦਾ ਪਾਰਟ ਮੁੰਡੇ ਦੀ ਥਾਂ ਕੁੜੀ ਕਰੇ।

(ਸਾਰੇ ਤਾਲੀਆਂ ਤੇ ਸੀਟੀਆਂ ਮਾਰਦੇ ਹਨ। ਕੁੜੀਆਂ ਸ਼ਰਮਾਂਦੀਆਂ ਹਨ)

ਨਟੀ : ਹਰ ਸਾਲ ਰਾਮ ਲੀਲ੍ਹਾ ਖੇਡਣ ਵਾਲਿਆਂ ਲਈ ਇਹ ਭਾਰੀ ਗੱਲ ਹੋਵੇਗੀ, ਪਰ ਪੰਜਾਬ ਕਲਾ ਮੰਚ ਲਈ ਇਹ ਸਾਧਾਰਣ ਗੱਲ ਹੈ।

ਮੁੰਡਾ : ਫੇਰ ਮੈਨੂੰ ਮਨਜ਼ੂਰ ਹੈ।

ਪਰਮਾਨੰਦ : ਸਰ, ਮੈਂ ਪੂਰੇ ਦਸ ਸਾਲ, ਰਾਮ ਲੀਲਾ ਵਿਚ ਦਸਰਥ ਦਾ ਰੋਲ ਅਦਾ ਕਰਦਾ ਰਿਹਾਂ। ਮੈਨੂੰ ਇਹ ਪਾਰਟ ਦੇ ਕੇ ਦੇਖੋ।

ਸੂਤਰਧਾਰ : ਤੈਨੂੰ ਜ਼ਰੂਰ ਮੌਕਾ ਦਿੱਤਾ ਜਾਵੇਗਾ।

ਵੇਦ ਪ੍ਰਕਾਸ਼ : ਜੀ, ਮੈਂ ਹਨੂਮਾਨ ਦਾ ਰੋਲ ਬਖੂਬੀ ਅਦਾ ਕਰ ਸਕਦਾ।

ਮੋਢੀ ਮੁੰਡਾ : ਤੂੰ ਤਾਂ ਜ਼ਿੰਦਗੀ ਵਿਚ ਵੀ ਹਨੂਮਾਨ ਦਾ ਰੋਲ ਜੀ ਰਿਹਾਂ। ਸਾਰੇ ਹਸਦੇ ਹਨ।

ਸੂਤਰਧਾਰ : ਨੌਜਵਾਨੋ, ਕਾਹਲੇ ਨਾ ਪਓ, ਸਭ ਨੂੰ ਕੋਈ ਨਾ ਕੋਈ ਰੋਲ ਦਿੱਤਾ ਜਾਵੇਗਾ। ਮੁਸ਼ਕਲ ਪੇਸ਼ ਆਉਂਦੀ ਏ ਇਸਤ੍ਰੀ ਪਾਤਰ ਲਭਣ ਵਿਚ।

ਮੋਢੀ ਮੁੰਡਾ : ਜਨਾਬ, ਇਨ੍ਹਾਂ ਲੜਕੀਆਂ ਵਿਚੋਂ ਤੁਹਾਨੂੰ ਸੀਤਾ ਦੇ ਰੋਲ ਲਈ ਕੋਈ ਨਹੀਂ ਜਚਦੀ?

ਸੂਤਰਧਾਰ : (ਇਕ ਲੜਕੀ ਵਲ ਇਸ਼ਾਰਾ ਕਰਕੇ) ਇਹ ਲੜਕੀ ਬਹੁਤ ਢੁਕ ਸਕਦੀ ਹੈ।

ਸਾਰੇ : (ਤਾਲੀਆਂ ਵਜਾਕੇ) ਬਹੁਤ ਵਧੀਆ ਚੋਣ ਹੈ।

ਦੂਜੀ ਲੜਕੀ : (ਈਰਖਾ ਵਸ) ਇਹਦੇ ਮਾਂ ਬਾਪ ਤੋਂ ਤਾਂ ਪੁੱਛ ਕੇ ਦੇਖੋ।

ਸੂਤਰਧਾਰ : ਬੀਬੀਓ, ਚੰਗੇ ਕੰਮ ਕਰਨ ਤੋਂ ਕਤਰਾਂਦੀਆਂ ਹੋ। ਬੁਰੇ ਕੰਮ ਕਰਨ ਸਮੇਂ ਮਾਪਿਆਂ ਦੀ ਬਾਤ ਨਹੀਂ ਪੁਛਦੀਆਂ।

ਦੂਜੀ ਲੜਕੀ : ਕੌਣ ਡਰਦਾ। ਜੇ ਇਹ ਨਹੀਂ ਕਰੇਗੀ ਤਾਂ ਮੈਂ ਤਿਆਰ ਹਾਂ।

ਪਹਿਲੀ ਲੜਕੀ : ਸਰ, ਜੇ ਤੁਸੀਂ ਮੈਨੂੰ ਭਾਰਤ ਦੀ ਸਭ ਤੋਂ ਸਨਮਾਨਯੋਗ ਇਸਤ੍ਰੀ ਦੇ ਰੋਲ ਦੇ ਲਾਇਕ ਸਮਝਦੇ ਓ ਤਾਂ ਮੈਂ ਤਿਆਰ ਹਾਂ। ਮੈਨੂੰ ਕਿਸੇ ਦਾ ਡਰ ਭਉ ਨਹੀਂ। ਸਾਰੇ ਤਾਲੀਆਂ ਵਜਾਂਦੇ ਹਨ।

ਤੀਜੀ ਲੜਕੀ : ਸਰ, ਜੀਵਨ ਬਾਲਾ ਬੜੀ ਤੇਜ਼ ਤਰਾਰ ਏ। ਇਹ ਕੈਕਈ ਦੇ ਰੋਲ ਲਈ ਬਹੁਤ ਫਿਟ ਰਹੇਗੀ।

ਜੀਵਨ ਬਾਲਾ : ਮੂੰਹ ਸੰਭਾਲ ਨੀਂ, ਤੇਰੀ ਭੈਣ ਮੇਰੇ ਨਾਲੋਂ ਕਿਤੇ ਲੜਾਕੀ ਏ।

ਸੂਤਰਧਾਰ : ਬੀਬੀਓ, ਤੁਸੀਂ ਤਾਂ ਪਹਿਲੋਂ ਹੀ ਡਰਾਮਾ ਸ਼ੁਰੂ ਕਰ ਦਿੱਤਾ। ਠੀਕ ਤਰ੍ਹਾਂ ਵਰਤਾਓ ਕਰੋ, ਦਰਸ਼ਕ ਤੁਹਾਡੀ ਇਕ ਇਕ ਹਰਕਤ ਤਾੜ ਰਹੇ ਨੇ।

ਨਟੀ : ਨੌਜਵਾਨੋ, ਸਟੇਜ ਉਤੇ ਚੜਨਾ ਭਾਰੀ ਜ਼ੁੰਮੇਵਾਰੀ ਦਾ ਕੰਮ ਹੁੰਦਾ। ਆਪਣਾ ਆਪਾ ਭੁਲਾਣਾ ਪੈਂਦਾ, ਪਾਤਰ ਦੀ ਸਖਸ਼ੀਅਤ ਵਿਚ ਆਪਣੇ ਆਪ ਨੂੰ ਢਾਲਣਾ ਪੈਂਦਾ।

ਮੋਢੀ ਮੁੰਡਾ : (ਸਾਥੀਆਂ ਨੂੰ ਘੂਰਦਾ ਹੋਇਆ) ਚੁੱਪ! ਤੁਸੀਂ ਆਪਣਾ ਕੰਮ ਜਾਰੀ ਰਖੋ ਜੀ, ਹੁਣ ਕੋਈ ਚੂੰ ਨਹੀਂ ਕਰੇਗਾ।



ਸੂਤਰਧਾਰ : (ਪਿਛੇ ਕੰਧ ਤੇ ਟੰਗੇ ਵਿਸ਼ਾਲ ਨਕਸ਼ੇ ਵਲ ਲੰਮੀ ਸੋਟੀ ਨਾਲ ਇਸ਼ਾਰਾ ਕਰਦਾ ਹੋਇਆ) ਨੌਜਵਾਨੋ, ਐਧਰ ਪ੍ਰਾਚੀਨ ਭਾਰਤ ਦੇ ਨਕਸ਼ੇ ਵਲ ਝਾਤ ਮਾਰੋ। ਈਸਾ ਦੇ ਜਨਮ ਤੋਂ ਲਗਭਗ ਦੋ ਹਜ਼ਾਰ ਸਾਲ ਪਹਿਲਾਂ ਦੇ ਭਾਰਤ ਨੂੰ ਕਲਪਣਾ ਵਿਚ ਲਿਆਉ। ਉਤਰੀ ਭਾਰਤ ਵਿਚ ਦੋ ਪ੍ਰਮੁਖ ਰਿਆਸਤਾਂ ਸਥਿਤ ਸਨ-ਕੌਸ਼ਲ ਤੇ ਵਿਦੇਹ। ਕੌਸ਼ਲ ਦੀ ਰਾਜਧਾਨੀ ਅਯੁਧਿਆ ਤੇ ਵਿਦੇਹ ਦੀ ਜਨਕਪੁਰੀ ਸੀ। ਦੋਹਾਂ ਰਾਜਾਂ ਵਿਚ ਪਰਜਾ-ਪਾਲਕ ਰਾਜੇ ਹਕੂਮਤ ਕਰਦੇ ਸਨ। ਲੋਕ ਬਹੁਤ ਖੁਸ਼ਹਾਲ ਤੇ ਅਮਨ ਚੈਨ ਨਾਲ ਵਸਦੇ ਸਨ। ਕਲਾ ਵਿਦਿਆ ਤੇ ਸਭਿਆਚਾਰਕ ਖੇਤਰ ਵਿਚ ਦੋਵੇਂ ਰਿਆਸਤਾਂ ਸਿਖਰ ਉਤੇ ਸਨ। ਅਯੁਧਿਆ ਵਿਚ ਪ੍ਰਤਾਪੀ ਰਾਜਾ ਦਸਰਥ ਰਾਜ ਸੰਘਾਸਨ ਤੇ ਬੈਠਾ ਸੀ।

ਗੀਤ ਮੰਡਲੀ ਦਾ ਮੋਢੀ ਉੱਚੇ ਸੁਰ ਅਲਾਪ ਵਿਚ :

ਜਨਮੇ ਅਜੁਧਿਆ ਨਗਰੀ ਵਿਚ,
ਦਸਰਥ ਦੇ ਗ੍ਰਿਹ ਰਾਮ
ਮਾਤ ਕੁਸ਼ੱਲਯਾ ਦੇਂਵਦੀ
ਕੰਚਨ ਮੋਤੀ ਦਾਨ।
(ਸਾਰੀ ਮੰਡਲੀ ਰਲਕੇ)
ਕੰਚਨ ਮੋਤੀ ਦਾਨ ਰਾਮ ਲਛਮਣ ਦੀ ਜੋੜੀ
ਭਰਤ ਸ਼ਤਰੂਘਣ ਵੀਰ, ਚੌਂਹਾਂ ਦੀ ਪ੍ਰੀਤ ਅਮੋੜੀ।

ਸੂਤਰਧਾਰ : ਤੁਸੀਂ ਸਾਰੇ ਪਰਦੇ ਦੇ ਪਿੱਛੇ ਚਲੋ। ਸਭ ਨੂੰ ਵਖੋ ਵਖਰੇ ਰੋਲ ਦਿੰਦਾ ਹਾਂ। (ਸਾਰੇ ਬੜੇ ਚਾਅ ਉਮਾਹ ਨਾਲ ਜਾਂਦੇ ਹਨ।)

ਸੂਤਰਧਾਰ : ਭਾਗ ਭਰੀਏ, ਤੂੰ ਤਾਂ ਠਹਿਰ, ਤੂੰ ਵੀ ਮੈਨੂੰ ਛਡ ਚੱਲੀ।

ਨਟੀ : ਮੈਂ ਕਿਹਾ, ਸ਼ਾਇਦ ਹੁਣ ਮੇਰੀ ਲੋੜ ਨਹੀਂ ਰਹੀ।

ਸੂਤਰਧਾਰ : ਸਜਨੀ, ਤੇਰੀ ਲੋੜ ਤਾਂ ਖੇਲ ਤੋਂ ਬਾਅਦ ਵੀ ਰਹਿਣੀ ਏਂ।

ਨਟੀ : ਸਵਾਮੀ ਜੀ, ਮਖੌਲ ਛੱਡੋ, ਦੱਸੋ ਕੀ ਆਗਿਆ ਹੈ।

ਸੂਤਰਧਾਰ : ਇਨ੍ਹਾਂ ਡਰੂ ਮਾਪਿਆਂ ਨੂੰ ਆਖ, ਹੁਣ ਪ੍ਰਗਟ ਹੋ ਜਾਣ।

ਨਟੀ : (ਇਸ਼ਾਰੇ ਨਾਲ) ਬਾਹਰ ਤਸ਼ਰੀਫ਼ ਲੈ ਆਓ ਜੀ, ਬਲਾ ਟਲ ਗਈ, ਝੱਖੜ ਲੰਘ ਗਿਆ।

ਪਹਿਲਾ ਮਰਦ : (ਪੈਰਾਂ ਵਲ ਝੁਕਦਾ ਹੋਇਆ) ਧੰਨ ਹੋ ਤੁਸੀਂ, ਧੰਨ ਤੁਹਾਡੀ ਕਲਾ।

ਪਹਿਲੀ ਇਸਤ੍ਰੀ : ਅਸੀਂ ਤਾਂ ਤੁਹਾਡੀ ਅਕਲ ਤੇ ਚਤਰਾਈ ਦੇਖ ਕੇ ਦੰਗ ਰਹਿ ਗਈਆਂ।

ਦੂਜਾ ਮਰਦ : ਸਾਨੂੰ ਵੀ ਪਾਰਟ ਦਿਓ ਤਾਂ ਜੋ ਅਸੀਂ ਵੀ ਆਪਣੇ ਮੁੰਡੇ ਕੁੜੀਆਂ ਵਿਚ ਘੁਲ ਮਿਲ ਜਾਈਏ।

ਇਸਤ੍ਰੀ : ਜੀ, ਤੁਸੀਂ ਰਾਮ ਚੰਦਰ ਦਾ ਪਾਰਟ ਮੇਰੇ ਪੁੱਤਰ ਨੂੰ ਦਿੱਤਾ, ਮੈਨੂੰ ਕੁਸ਼ੱਲਯਾ ਦਾ ਰੋਲ ਦਿਓ ਤਾਂ ਜੋ ਮੈਂ ਵਾਤਸਲ ਪਿਆਰ ਦਾ ਦੈਵੀ ਰਸ ਮਾਣ ਸਕਾਂ।

ਸੂਤਰਧਾਰ : ਬਜ਼ੁਰਗੋ, ਤੁਸੀਂ ਦੇਖ ਹੀ ਚੁੱਕੇ ਓ, ਇਸ ਵਿਚ ਸਾਰਾ ਕਸੂਰ ਤੁਹਾਡੇ ਮੁੰਡੇ ਕੁੜੀਆਂ ਦਾ ਨਹੀਂ। ਮਾਪੇ ਤੇ ਉਸਤਾਦ ਵੀ ਵਰਤਮਾਨ ਸਥਿਤੀ ਦੇ ਜ਼ੁਮੇਂਵਾਰ ਨੇ। ਤੁਹਾਡਾ ਅਤੇ ਉਨ੍ਹਾਂ ਦੀਆਂ ਉਮਰਾਂ ਵਿਚ ਢੇਰ ਫਰਕ ਹੈ। ਆਪਣੇ ਬੱਚਿਆਂ ਦੀਆਂ ਆਸਾਂ ਤੇ ਉਮੰਗਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ।

ਨਟੀ : ਯਾਦ ਰੱਖੋ, ਸੁਤੰਤਰ ਸੋਚਣੀ ਜੀਵਨ ਵਿਕਾਸ ਲਈ ਜ਼ਰੂਰੀ ਹੈ।

ਮਰਦ : ਬਿਲਕੁਲ ਦਰੁਸਤ ਫਰਮਾਇਆ।

ਸੂਤਰਧਾਰ : ਨੌਜਵਾਨਾਂ ਦੇ ਰਾਹ ਵਿਚ ਰੋਕਾਂ ਨਾ ਪਾਓ, ਢੰਗ ਨਾਲ ਵਰਤਾਓ ਕਰੋ। ਤੁਸੀਂ ਵੀ ਰੰਗ ਮੰਚ ਦੇ ਪਿਛੇ ਚਲੋ, ਤੁਹਾਨੂੰ ਆਪਣੇ ਬੇਟੇ ਤੇ ਬੇਟੀਆਂ ਨਾਲ ਘੁਲ ਮਿਲ ਕੇ ਕੰਮ ਕਰਨ ਦਾ ਮੌਕਾ ਦਿੰਦੇ ਹਾਂ।

(ਸੰਗੀਤ ਮੰਡਲੀ:)

ਜਨਮੇ ਅਜੁਧਿਆ ਨਗਰੀ ਵਿਚ, ਦਸਰਥ ਦੇ ਗ੍ਰਿਹ ਰਾਮ<br>
ਮਾਤ ਕੁਸ਼ਲਯਾ ਦੇਂਵਦੀ ਕੰਚਨ ਮੋਤੀ ਦਾਨ।<br>
ਕੰਚਨ ਮੋਤੀ ਦਾਨ ਰਾਮ ਲਛਮਣ ਦੀ ਜੋੜੀ<br>
ਭਾਰਤ ਸ਼ਤਰੂਘਣ ਦੋਹਾਂ ਦੀ ਪ੍ਰੀਤ ਅਮੋੜੀ।

ਸੂਤਰਧਾਰ : ਨਮਸਕਾਰ ਇਸ ਧਰਤ ਨੂੰ, ਸਦ ਨਮਸਕਾਰ!

ਸੂਤਰਧਾਰ ਤੇ ਨਟੀ ਧਰਤ ਨਮਸਕਾਰਦੇ ਹਥ ਜੋੜ ਕੇ ਪਿਛਲੀ ਖੁਰੀਏ ਜਾਂਦੇ ਹਨ।

ਪਰਦਾ